People's Herald

People's Herald

Rs- 100/month



# "ਇਕੁਐਲਿਟੀ ਐਂਡ ਜਸਟਿਸ"



https://www.facebook.com/profile.php?id=161037521061610

"Equality and Justice"

स्वतंत्रता, समानता, भाईचारा

PATIALA On line paper 24 ਜੂਨ 2025 ਮੰਗਲਵਾਰ "ਰੋਜ਼ਾਨਾ" ਸਾਲ ਚੌਥਾ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay- 91-9780634849) HARDIP SINGH STATE BANK OF INDIA ACCT NO-10566643658 . IFSC- SBIN0050773

## ਸਿਧਾਰਥ ਗੌਤਮ ਬੁੱਧ ਦੇ ਧਮ ਦੇ ਸਿਧਾਂਤ ਸਭ ਲਈ ਸੁੱਖ, ਸ਼ਾਂਤੀ ਅਤੇ ਵਿਕਾਸ ਦੇ ਮਾਰਗ ਦੀਆਂ ਔਕੜਾਂ ਨੂੰ ਸਾਫ ਕਰ ਦਿੰਦੇ ਹਨ, ਇਹ ਸਿਧਾਂਤ ਵਿਸ਼ਵ ਸ਼ਾਂਤੀ ਸਥਾਪਿਤ ਕਰ ਸਕਦੇ ਹਨ

**"ਇਕੁਐਲਿਟੀ ਐਂਡ ਜਸਟਿਸ" ਪਟਿਆਲਾ** -ਸਿਧਾਰਥ ਗੌਤਮ ਬੁੱਧ ਦੇ ਦਿੱਤੇ ਇਹ ਬੁਨਿਆਦੀ ਸਿਧਾਂਤ ਸਮੁੱਚੇ ਸੰਸਾਰ ਵਿੱਚ ਸੁੱਖ, ਸਾਂਤੀ ਅਤੇ ਵਿਕਾਸ ਦੇ ਮਾਰਗ ਰਾਹ ਸਾਫ ਕਰ ਦਿੰਦੇ ਹਨ। ਮੁੱਢਲੇ ਪੰਜ 'ਪੰਚਸ਼ੀਲ' ਸਿਧਾਂਤ ਹੇਠਾਂ ਦਿੱਤੇ ਗਏ ਹਨ ਨੂੰ ਅਪਣਾ ਕੇ ਹਰ ਮਨੁੱਖ ਦੇ 'ਮਨ ਦੀ ਸਮਾਧੀ' ਲੱਗ ਜਾਣੀ ਚਾਹੀਦੀ ਹੈ:

1. ਅਹਿੰਸਾ- ਕਿਸੇ ਨੂੰ ਸਰੀਰਕ ਨੁਕਸਾਨ ਨਾਂ ਪਹੁੰਚਾਉਣਾ, ਹਰ ਇਕ ਜੀਵਨ ਦਾ ਸਤਿਕਾਰ ਕਰਨਾ
2. ਚੋਰੀ ਨਹੀਂ ਕਰਨਾ- ਦੂਸਰਿਆਂ ਦੀ ਜਾਇਦਾਦ ਅਧਿਕਾਰ ਦੀ ਕਦਰ ਕਰਨਾ
3. ਵਿਬਚਾਰ ਨਾਂ ਕਰਨਾ- ਕੋਈ ਜਿਨਸੀ ਦੁਰਵਿਹਾਰ ਜਾਂ ਅਪਰਾਧ ਨਾਂ ਕਰਨਾ
4. ਝੂਠ ਨਹੀਂ ਬੋਲਣਾ- ਆਪਣੇ ਆਚਾਰ,ਵਿਚਾਰ, ਵਿਵਹਾਰ ਵਿੱਚ ਇਮਾਨਦਾਰੀ ਬਣੇ ਰਹਿਣਾ
5. ਨਸ਼ਾ ਨਹੀਂ ਕਰਨਾ- ਕੋਈ ਨਸ਼ਾ ਨਹੀਂ ਕਰਨਾ, ਮਨ ਦਾ ਦਸ਼ਾ ਦਿਸ਼ਾ ਵਿਗਾੜ ਦੇ ਸਾਧਨਾਂ ਤੋਂ ਦੂਰੀ, ਮਨ ਸ਼ੁੱਧ ਰਖਣਾ ਅਤੇ ਸਾਫ਼ ਮਨ ਦਾ ਸਤਿਕਾਰ ਕਰਨਾ



"ਇਕੁਐਲਿਟੀ ਐਂਡ ਜਸਟਿਸ"

## ਇਜ਼ਰਾਈਲ-ਇਰਾਨ ਜੰਗ 'ਚ ਕੁੱਦਿਆ America; ਤਿੰਨ ਪ੍ਰਮਾਣੂ ਟਿਕਾਣਿਆਂ 'ਤੇ ਹਮਲੇ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 23 ਜੂਨ INTERNATIONAL PAPER, 94636 01616 hardipchumber57@gmail.com

ਵਾਸ਼ਿੰਗਟਨ, 22 ਜੂਨ - ਅਮਰੀਕੀ ਫੌਜ ਨੇ ਐਤਵਾਰ ਵੱਡੇ ਤੜਕੇ ਇਰਾਨ ਦੇ ਤਿੰਨ ਪ੍ਰਮਾਣੂ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਹੈ। ਅਮਰੀਕਾ ਇਨ੍ਹਾਂ ਹਮਲਿਆਂ ਨਾਲ ਇਜ਼ਰਾਈਲ ਵੱਲੋਂ ਇਰਾਨ ਦੇ ਪ੍ਰਮਾਣੂ ਪ੍ਰੋਗਰਾਮ ਖ਼ਿਲਾਫ਼ ਵਿੱਢੀ ਲੜਾਈ ਵਿਚ ਸਿੱਧੇ ਤੌਰ 'ਤੇ ਸ਼ਾਮਲ ਹੋ ਗਿਆ ਹੈ। ਅਮਰੀਕਾ ਨੇ ਹਮਲੇ ਲਈ B6 ਬੰਕਰ ਬਸਟਰ ਬੰਬਾਂ ਤੇ ਕਰੂਜ਼ ਮਿਜ਼ਾਈਲਾਂ ਦੀ ਵਰਤੋਂ ਕੀਤੀ। ਰਾਸ਼ਟਰਪਤੀ ਡੋਨਲਡ ਟਰੰਪ ਨੇ ਵ੍ਹਾਈਟ ਹਾਊਸ ਵਿਚ ਰਾਸ਼ਟਰ ਦੇ ਨਾਂ ਆਪਣੇ ਸੰਬੋਧਨ ਵਿਚ ਕਿਹਾ ਕਿ ਇਰਾਨ ਦੇ ਪ੍ਰਮੁੱਖ ਪ੍ਰਮਾਣੂ ਟਿਕਾਣਿਆਂ ਨੂੰ 'ਪੂਰੀ ਤਰ੍ਹਾਂ ਨਾਲ ਤਬਾਹ' ਕਰ ਦਿੱਤਾ ਹੈ। ਅਮਰੀਕੀ ਸਦਰ ਨੇ ਤਹਿਰਾਨ ਨੂੰ ਜਵਾਬੀ ਕਾਰਵਾਈ ਖਿਲਾਫ਼ ਚੇਤਾਵਨੀ ਦਿੰਦਿਆਂ ਕਿਹਾ ਕਿ ਇਰਾਨ ਨੂੰ 'ਸ਼ਾਂਤੀ ਜਾਂ ਦੁਖਾਂਤ' ਵਿੱਚੋਂ ਕਿਸੇ ਇੱਕ ਦੀ ਚੋਣ ਕਰਨੀ ਹੋਵੇਗੀ। ਉਧਰ ਇਰਾਨ ਦੀ ਪ੍ਰਮਾਣੂ ਏਜੰਸੀ ਨੇ ਅਮਰੀਕਾ ਵੱਲੋਂ ਉਸ ਦੇ ਤਿੰਨ ਪ੍ਰਮਾਣੂ ਟਿਕਾਣਿਆਂ ਫੋਰਡੋ, ਇਸਫਹਾਨ ਤੇ ਨਾਤਨਜ਼ ਨੂੰ ਨਿਸ਼ਾਨਾ ਬਣਾਏ ਜਾਣ ਦੀ ਪੁਸ਼ਟੀ ਕੀਤੀ ਹੈ। ਤਹਿਰਾਨ ਨੇ ਹਾਲਾਂਕਿ ਜ਼ੋਰ ਦੇ ਕੇ ਆਖਿਆ



ਕਿ ਉਸ ਦਾ ਕੰਮ ਨਹੀਂ ਰੁਕੇਗਾ। ਇਰਾਨ ਨੇ ਕਿਹਾ ਕਿ ਇਸਫਹਾਨ, ਫੋਰਡੋ, ਨਤਾਨਜ਼ ਅਤੇ ਹੋਰ ਪ੍ਰਮਾਣੂ ਟਿਕਾਣਿਆਂ 'ਤੇ ਅਮਰੀਕੀ ਹਮਲਿਆਂ ਤੋਂ ਬਾਅਦ 'ਰੇਡੀਏਸ਼ਨ ਦੇ ਰਿਸਾਅ ਦੇ ਕੋਈ ਸੰਕੇਤ' ਨਹੀਂ ਹਨ। ਅਮਰੀਕੀ ਹਮਲੇ ਮਗਰੋਂ ਇਜ਼ਰਾਈਲ ਨੇ ਇਰਾਨ ਦੀ ਜਵਾਬੀ ਕਾਰਵਾਈ ਦੇ ਮੱਦੇਨਜ਼ਰ ਆਪਣਾ ਹਵਾਈ ਖੇਤਰ ਬੰਦ ਕਰ ਦਿੱਤਾ ਹੈ। ਟਰੰਪ ਨੇ ਮਗਰੋਂ ਸੋਸ਼ਲ ਮੀਡੀਆ 'ਤੇ ਇਕ ਪੋਸਟ ਵਿਚ ਕਿਹਾ, ""ਅਸੀਂ ਇਰਾਨ ਦੇ ਤਿੰਨ ਪ੍ਰਮਾਣੂ ਟਿਕਾਣਿਆਂ ਫੋਰਡੋ, ਨਤਾਨਜ਼ ਅਤੇ ਇਸਫਾਹਨ 'ਤੇ ਕੀਤੇ ਹਮਲੇ ਵਿਚ ਸਫ਼ਲ ਰਹੇ ਹਾਂ। ਸਾਰੇ ਅਮਰੀਕੀ ਜਹਾਜ਼ ਹੁਣ ਇਰਾਨ ਦੇ ਹਵਾਈ ਖੇਤਰ 'ਚੋਂ ਬਾਹਰ ਹਨ। ਬੰਬਾਂ ਦਾ ਪੂਰਾ ਪੇਲੋਡ ਪ੍ਰਾਇਮਰੀ ਸਾਈਟ, ਫੋਰਡੋ 'ਤੇ ਸੁੱਟਿਆ ਗਿਆ ਸੀ। ਸਾਰੇ ਜਹਾਜ਼ ਸੁਰੱਖਿਅਤ ਢੰਗ ਨਾਲ ਆਪਣੇ ਟਿਕਾਣੇ 'ਤੇ ਵਾਪਸ ਜਾ ਰਹੇ ਹਨ।" ਅਮਰੀਕੀ ਸਦਰ ਨੇ ਕਿਹਾ, "ਇਹ ਅਮਰੀਕਾ, ਇਜ਼ਰਾਈਲ ਤੇ ਕੁੱਲ ਆਲਮ ਲਈ ਇਤਿਹਾਸਕ ਪਲ ਹੈ। ਇਹ ਜੰਗ ਖਤਮ ਕਰਨ ਲਈ ਇਰਾਨ ਨੂੰ ਹੁਣ ਸਹਿਮਤ ਹੋਣਾ ਪਵੇਗਾ। ਧੰਨਵਾਦ!"

ਉਧਰ ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਇਰਾਨ 'ਤੇ ਹਮਲਾ ਕਰਨ ਦੇ ਫੈਸਲੇ ਲਈ ਅਮਰੀਦੀ ਸਦਰ ਦੀ ਤਾਰੀਫ਼ ਕੀਤੀ ਹੈ। ਨੇਤਨਯਾਹੂ ਨੇ ਕਿਹਾ, "ਇਰਾਨ ਦੇ ਪ੍ਰਮਾਣੂ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਦਾ ਤੁਹਾਡਾ ਦਲੇਰਾਨਾ ਫੈਸਲਾ ਇਤਿਹਾਸ ਬਦਲ ਦੇਵੇਗਾ।" ਨੇਤਨਯਾਹੂ ਨੇ ਕਿਹਾ ਕਿ ਅਮਰੀਕਾ ਨੇ 'ਉਹ ਕੀਤਾ ਹੈ ਜੋ ਧਰਤੀ 'ਤੇ ਕੋਈ ਹੋਰ ਮੁਲਕ ਨਹੀਂ ਕਰ ਸਕਦਾ ਸੀ।"

ਇਸ ਦੌਰਾਨ ਵ੍ਹਾਈਟ ਹਾਊਸ ਅਤੇ ਪੈਂਟਾਗਨ ਨੇ ਤੁਰੰਤ ਕਾਰਵਾਈ ਬਾਰੇ ਵਿਸਥਾਰ ਵਿੱਚ ਨਹੀਂ ਦੱਸਿਆ, ਪਰ ਫੌਕਸ ਨਿਊਜ਼ ਦੇ ਮੇਜ਼ਬਾਨ Sean Hannity ਨੇ ਕਿਹਾ ਕਿ ਉਸ ਨੇ ਟਰੰਪ ਨਾਲ ਗੱਲ ਕੀਤੀ ਹੈ ਅਤੇ ਫੋਰਡੋ (ਪ੍ਰਮਾਣੂ ਟਿਕਾਣੇ) ਨੂੰ ਨਿਸ਼ਾਨਾ ਬਣਾਉਣ ਲਈ ਛੇ ਬੰਕਰ ਬਸਟਰ ਬੰਬ ਵਰਤੇ ਗਏ ਸਨ। Hannity ਨੇ ਕਿਹਾ ਕਿ 400 ਮੀਲ ਦੂਰ ਅਮਰੀਕੀ ਪਣਡੁੱਬੀਆਂ ਵੱਲੋਂ ਦਾਗ਼ੀਆਂ ਗਈਆਂ 30 ਟੋਮਾਹਾਕ (Tomahawk) ਮਿਜ਼ਾਈਲਾਂ ਨੇ ਇਰਾਨ ਦੇ ਨਤਾਨਜ਼ ਅਤੇ ਇਸਫਹਾਨ ਪ੍ਰਮਾਣੂ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ। ਦੱਸ ਦੇਈਏ ਕਿ ਟਰੰਪ ਨੇ ਸ਼ੁੱਕਰਵਾਰ ਨੂੰ ਪੱਤਰਕਾਰਾਂ ਅੱਗੇ ਦਾਅਵਾ ਕੀਤਾ ਸੀ ਉਨ੍ਹਾਂ ਦੀ ਇਰਾਨ ਵਿਚ ਅਮਰੀਕੀ ਫੌਜਾਂ ਨੂੰ ਭੇਜਣ ਵਿਚ ਕੋਈ ਦਿਲਚਸਪੀ ਨਹੀਂ ਹੈ। ਇਸ ਤੋਂ ਪਹਿਲਾਂ ਅਮਰੀਕੀ ਸਦਰ ਨੇ ਇਸ਼ਾਰਾ ਕੀਤਾ ਸੀ ਕਿ ਉਹ ਇਸ ਬਾਰੇ ਅਗਲੇ ਦੋ ਹਫ਼ਤਿਆਂ ਵਿਚ ਫੈਸਲਾ ਕਰੇਗਾ।

ਇਰਾਨ ਦੇ ਸੁਪਰੀਮ ਆਗੂ ਅਯਾਤੁੱਲਾ ਅਲੀ ਖਮੇਨੀ ਨੇ ਬੁੱਧਵਾਰ ਨੂੰ ਅਮਰੀਕਾ ਨੂੰ ਚੇਤਾਵਨੀ ਦਿੱਤੀ ਸੀ ਕਿ ਇਸਲਾਮਿਕ ਗਣਰਾਜ ਨੂੰ ਨਿਸ਼ਾਨਾ ਬਣਾਉਣ ਵਾਲੇ ਹਮਲਿਆਂ ਦੇ ਨਤੀਜੇ ਵਜੋਂ 'ਉਸ ਨੂੰ ਕਦੇ ਵੀ ਪੂਰਾ ਨਾ ਹੋਣ ਨੁਕਸਾਨ ਝੱਲਣਾ ਹੋਵੇਗਾ।' ਇਰਾਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਇਸਮਾਈਲ ਬਾਘਾਈ ਨੇ ਐਲਾਨ ਕੀਤਾ ਕਿ 'ਅਮਰੀਕਾ ਦੀ ਕਿਸੇ ਵੀ ਤਰ੍ਹਾਂ ਦੀ ਦਖ਼ਲਅੰਦਾਜ਼ੀ ਖੇਤਰ ਵਿੱਚ ਮੁਕੰਮਲ ਜੰਗ ਦਾ ਸੱਦਾ ਹੋਵੇਗੀ।"

## ਲੁਧਿਆਣਾ ਪੱਛਮੀ ਵਿਧਾਨ ਸਭਾ ਸੀਟ 'ਤੇ ਆਮ ਆਦਮੀ ਪਾਰਟੀ ਦੀ ਉਪ ਚੋਣ ਹੋਈ ਜਿੱਤ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 23 ਜੂਨ INTERNATIONAL PAPER, 94636 01616 hardipchumber57@gmail.com

ਆਮ ਆਦਮੀ ਪਾਰਟੀ ਨੇ ਪੰਜਾਬ ਦੀ ਲੁਧਿਆਣਾ ਪੱਛਮੀ ਵਿਧਾਨ ਸਭਾ ਸੀਟ 'ਤੇ ਹੋਈ ਉਪ ਚੋਣ ਜਿੱਤ ਲਈ ਹੈ। 'ਆਪ' ਦੇ ਸੰਜੀਵ ਅਰੋੜਾ ਨੇ ਲੁਧਿਆਣਾ ਪੱਛਮੀ ਸੀਟ 'ਤੇ 10,637 ਵੋਟਾਂ ਨਾਲ ਜਿੱਤ ਪ੍ਰਾਪਤ ਕਰਕੇ ਜਿੱਤ ਦਾ ਝੰਡਾ ਲਹਿਰਾਇਆ। ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਨੂੰ 35,179 ਵੋਟਾਂ, ਕਾਂਗਰਸ ਦੇ ਭਾਰਤ ਭੂਸ਼ਣ ਆਸ਼ੂ ਨੇ 24,542 ਵੋਟਾਂ ਪ੍ਰਾਪਤ ਕੀਤੀਆਂ। ਭਾਜਪਾ ਦੇ ਜੀਵਨ ਗੁਪਤਾ 20,323 ਵੋਟਾਂ ਨਾਲ ਤੀਜੇ ਸਥਾਨ 'ਤੇ ਰਹੇ।

ਇਸ ਸੀਟ 'ਤੇ ਉਪ ਚੋਣ ਲਈ ਵੋਟਿੰਗ 19 ਜੂਨ ਨੂੰ ਹੋਈ ਸੀ, ਜਿਸ ਵਿੱਚ 51.33% ਵੋਟਰਾਂ ਨੇ ਵੋਟ ਪਾਈ ਸੀ। ਇਸ ਵਾਰ ਕੁੱਲ 14 ਉਮੀਦਵਾਰ ਚੋਣ ਮੈਦਾਨ 'ਚ ਸਨ ਪਰ ਆਮ ਆਦਮੀ ਪਾਰਟੀ ਅਤੇ ਕਾਂਗਰਸ ਵਿਚਾਲੇ ਸਖਤ ਮੁਕਾਬਲਾ ਨਜ਼ਰ ਆਇਆ। ਸੀਐਮ ਮਾਨ ਨੇ 'ਆਪ' ਦੇ ਸੰਜੀਵ ਅਰੋੜਾ ਜੀ ਨੂੰ ਭਾਰੀ ਲੀਡ ਨਾਲ ਜਿਤਾਉਣ ਲਈ ਲੁਧਿਆਣਾ ਪੱਛਮੀ ਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਹੈ

'ਆਪ' ਦੀ ਲੀਡ 3 ਦੌਰਾਂ ਤੱਕ ਲਗਾਤਾਰ ਵਧਦੀ ਰਹੀ, ਪਰ ਚੌਥੇ, ਪੰਜਵੇਂ ਅਤੇ ਛੇਵੇਂ ਦੌਰ ਵਿੱਚ ਘੱਟ ਗਈ। ਕਾਂਗਰਸ ਉਮੀਦਵਾਰ ਨੂੰ ਤਿੰਨਾਂ ਦੌਰਾਂ ਵਿੱਚ ਵੱਧ ਵੋਟਾਂ ਮਿਲੀਆਂ। 3 ਦੌਰਾਂ ਵਿੱਚ ਘੱਟਣ ਤੋਂ ਬਾਅਦ, 'ਆਪ'



ਦੀ ਲੀਡ 7ਵੇਂ ਦੌਰ ਤੋਂ ਫਿਰ ਵਧਣੀ ਸ਼ੁਰੂ ਹੋ ਗਈ। ਇਸ ਤੋਂ ਬਾਅਦ ਲਗਾਤਾਰ ਵਧਦੀ ਲੀਡ ਵੇਖ ਵਰਕਰਾਂ ਨੇ ਜਸ਼ਨ ਮਨਾਉਣਾ ਸ਼ੁਰੂ ਕਰ ਦਿੱਤਾ ਹੈ। ਆਪ ਵਰਕਰਾਂ ਨੇ ਢੋਲ ਦੀ ਥਾਪ 'ਤੇ ਭੰਗੜਾ ਪਾਇਆ।

## ਇਰਾਨ ਵੱਲੋਂ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਦੀ ਹੰਗਾਮੀ ਬੈਠਕ ਸੱਦਣ ਦੀ ਮੰਗ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 23 ਜੂਨ INTERNATIONAL PAPER, 94636 01616 hardipchumber57@gmail.com

ਵਾਸ਼ਿੰਗਟਨ, 22 ਜੂਨ- ਅਮਰੀਕਾ ਵੱਲੋਂ ਇਰਾਨ ਦੇ ਪ੍ਰਮਾਣੂ ਟਿਕਾਣਿਆਂ 'ਤੇ ਹਮਲੇ ਮਗਰੋਂ ਸੰਯੁਕਤ ਰਾਸ਼ਟਰ ਵਿਚ ਇਰਾਨ ਦੇ ਰਾਜਦੂਤ ਨੇ ਯੂਐੱਨ ਸਲਾਮਤੀ ਕੌਂਸਲ ਦੀ ਹੰਗਾਮੀ ਮੀਟਿੰਗ ਸੱਦਣ ਦੀ ਮੰਗ ਕੀਤੀ ਹੈ। ਰਾਜਦੂਤ ਨੇ ਇਰਾਨ ਖਿਲਾਫ਼ ਅਮਰੀਕੀ ਹਮਲਿਆਂ



ਨੂੰ 'ਘਿਣੌਨੀ ਕਾਰਵਾਈ ਤੇ ਤਾਕਤ ਦੀ ਦੁਰਵਰਤੋਂ' ਕਰਾਰ ਦਿੱਤਾ। ਰਾਜਦੂਤ ਆਮਿਰ ਸਈਦ ਇਰਾਵਾਨੀ ਨੇ ਕਿਹਾ ਕਿ ਸੰਯੁਕਤ ਰਾਸ਼ਟਰ ਦੀ ਸਭ ਤੋਂ ਸ਼ਕਤੀਸ਼ਾਲੀ ਸੰਸਥਾ ਨੂੰ ਕੌਮਾਂਤਰੀ ਕਾਨੂੰਨ ਅਤੇ ਸੰਯੁਕਤ ਰਾਸ਼ਟਰ ਚਾਰਟਰ ਤਹਿਤ ਅਮਰੀਕਾ ਨੂੰ ਜਵਾਬਦੇਹ ਬਣਾਉਣ ਲਈ 'ਸਾਰੇ ਲੋੜੀਂਦੀ ਉਪਾਅ' ਯਕੀਨੀ ਬਣਾਉਣੇ ਚਾਹੀਦੇ ਹਨ। ਇਰਾਵਾਨੀ ਨੇ ਕਿਹਾ, "ਇਰਾਨ ਦਾ ਇਸਲਾਮਿਕ ਗਣਰਾਜ ਬਿਨਾਂ ਕਿਸੇ ਭੜਕਾਹਟ ਤੋਂ ਅਤੇ ਪਹਿਲਾਂ ਤੋਂ ਯੋਜਨਾਬੱਧ ਹਮਲਿਆਂ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਾ ਹੈ।

## ਬਸਪਾ ਹੋਰ ਰਾਜਨੀਤਿਕ ਪਾਰਟੀਆਂ ਵਾਂਗ ਕੇਵਲ ਸਿਆਸੀ ਪਾਰਟੀ ਨਹੀਂ ਹੈ!

### ਇਹ ਵੰਚਿਤ, ਨਿਮਾਣਿਆ, ਨਿਤਾਣਿਆ, ਬੇਸਹਾਰਾ ਲੋਕਾਂ ਲਈ ਬਾਬਾ ਸਾਹਿਬ ਦੁਆਰਾ ਅਜ਼ਾਦੀ, ਬਰਾਬਰੀ ਅਤੇ ਅਣਖ ਲਈ ਜਗਾਈ ਉਮੀਦ ਦੀ ਕਿਰਨ ਹੈ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 23 ਜੂਨ INTERNATIONAL PAPER, 94636 01616 hardipchumber57@gmail.com

ਚੁੰਬਰ: ਬਹੁਤ ਸਾਰੇ ਲੋਕ ਬਹੁਜਨ ਸਮਾਜ ਪਾਰਟੀ ਦੂਜੀਆਂ ਰਾਜਨੀਤਿਕ ਪਾਰਟੀਆਂ ਵਾਗ ਰਾਜਨੀਤਿਕ ਪਾਰਟੀ ਸਮਝਕੇ ਸਿਆਸਤ ਕਰਨ ਅਤੇ ਚੋਣਾਂ ਜਿੱਤ ਕੇ ਸਾਂਸਦ, ਵਿਧਾਇਕ ਬਣਨ ਦੀ ਇੱਛਾ ਲੈ ਕੇ ਪਾਰਟੀ ਵਿੱਚ ਸ਼ਾਮਲ ਹੁੰਦੇ ਹਨ। ਕਈ ਵਾਰੀ ਉਹਨਾ ਦੀ ਇੱਛਾਵਾਂ ਪੂਰੀਆਂ ਨਾਂ ਹੋਣ ਤੇ ਉਹ ਨਿਰਾਸ਼ ਹੋ ਕੇ ਜਾ ਤਾਂ ਕੋਈ ਹੋਰ ਪਾਰਟੀ ਜੁਆਇਨ ਕਰ ਲੈਂਦੇ ਹਨ ਜਾ ਘਰ ਬੈਠ ਜਾਂਦੇ ਹਨ।

ਇਸ ਪਾਰਟੀ ਵਿੱਚ ਕੇਵਲ ਉਹ ਲੋਕ ਹੀ ਟਿਕ ਪਾਉਂਦੇ ਹਨ ਜਿਹਨਾਂ ਨੂੰ ਬਾਬਾ ਸਾਹਿਬ ਦੇ ਮਿਸ਼ਨ ਦਾ ਗਿਆਨ ਅਤੇ ਭਰੋਸਾ ਹੁੰਦਾ ਹੈ ਜੋ ਜਾਣਦੇ ਇਹ ਪਾਰਟੀ ਬਾਬਾ ਸਾਹਿਬ ਅਤੇ ਸਾਹਿਬ ਕਾਂਸ਼ੀਰਾਮ, ਭੈਣ ਮਾਇਆਵਤੀ ਜੀ ਦੇ ਜੀਵਨ ਸੰਘਰਸ਼ ਅਤੇ ਕੁਰਬਾਨੀਆਂ ਦੇ ਬਾਅਦ ਗਰੀਬਾਂ ਨਿਮਾਣਿਆਂ ਨਿਤਾਣਿਆਂ ਦੇ ਉਜ਼ਵਲ ਭਵਿੱਖ ਦੀਆਂ ਉਮੀਦਾਂ ਉੱਤੇ ਖਰੀ ਉਤਰਨ ਦੇ ਯੋਗ ਹੈ

# 2027 ਦੀਆਂ ਵਿਧਾਨਸਭਾ ਚੋਣਾਂ 'ਚ ਪੰਜਾਬ ਦੀ ਸੱਤਾ ਦਾ ਕੇਂਦਰ ਬਣੇਗੀ ਬਸਪਾ : ਵਿਪੁਲ ਕੁਮਾਰ-ਡਾ. ਕਰੀਮਪੁਰੀ

## -ਬਸਪਾ ਦੀ 'ਪੰਜਾਬ ਸੰਭਾਲੋ' ਮੁਹਿੰਮ ਨੂੰ ਸੂਬੇ ਭਰ 'ਚ ਲੋਕਾਂ ਦਾ ਭਾਰੀ ਸਮਰਥਨ ਮਿਲ ਰਿਹੈ
## -ਬਸਪਾ ਦੀ ਮੀਟਿੰਗ 'ਚ ਪਾਰਟੀ ਦੇ ਸੂਬਾ ਸੰਗਠਨ ਦੇ ਕੰਮਕਾਜ ਦੀ ਸਮੀਖਿਆ ਕੀਤੀ ਗਈ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 23 ਜੂਨ
INTERNATIONAL PAPER, 9463601616
hardipchumber57@gmail.com



ਜਲੰਧਰ( ਚਰਨਜੀਤ ਸੱਲ੍ਹਾਂ) ਬਹੁਜਨ ਸਮਾਜ ਪਾਰਟੀ (ਬਸਪਾ) ਦੀ ਅੱਜ ਸੋਮਵਾਰ ਨੂੰ ਪਾਰਟੀ ਦੇ ਜਲੰਧਰ ਵਿਖੇ ਸੂਬਾ ਦਫਤਰ ਵਿੱਚ ਮੀਟਿੰਗ ਹੋਈ। ਇਸ ਸਮੀਖਿਆ ਮੀਟਿੰਗ ਵਿੱਚ ਪਾਰਟੀ ਦੇ ਸੂਬਾ ਇੰਚਾਰਜ ਵਿਪੁਲ ਕੁਮਾਰ ਅਤੇ ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਨ੍ਹਾਂ ਨੇ ਸੂਬਾ ਪੱਧਰੀ ਮੀਟਿੰਗ ਵਿੱਚ ਪਹੁੰਚੇ ਅਹੁਦੇਦਾਰਾਂ ਨਾਲ ਪਾਰਟੀ ਰਣਨੀਤੀ ਬਾਰੇ ਵਿਚਾਰ ਚਰਚਾ ਕੀਤੀ ਅਤੇ ਸੰਗਠਨ ਦੇ ਕੰਮਕਾਜ ਦੀ ਸਮੀਖਿਆ ਕੀਤੀ। ਮੀਟਿੰਗ ਨੂੰ ਸੰਬੋਧਿਤ ਕਰਦਿਆਂ ਸੂਬਾ ਇੰਚਾਰਜ ਵਿਪੁਲ ਕੁਮਾਰ ਤੇ ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਬਸਪਾ ਦੀ 'ਪੰਜਾਬ ਸੰਭਾਲੋ' ਮੁਹਿੰਮ ਨੂੰ ਲੋਕਾਂ ਦਾ ਭਾਰੀ ਸਮਰਥਨ ਮਿਲ ਰਿਹਾ ਹੈ। ਬਸਪਾ ਪੰਜਾਬ ਨੂੰ ਖੁਸ਼ਹਾਲੀ, ਤਰੱਕੀ ਦੇ ਰਾਹ ਵੱਲ ਲੈ ਕੇ ਜਾਣ ਲਈ ਵਚਨਬੱਧ ਹੈ। ਸੂਬੇ ਨੂੰ ਨਸ਼ਾ ਮੁਕਤ ਬਣਾਉਣਾ, ਨੌਜਵਾਨਾਂ ਨੂੰ ਰੁਜ਼ਗਾਰ ਉਪਲਬਧ ਕਰਾਉਣਾ, ਲੋਕਾਂ ਲਈ ਚੰਗੀ ਸਿਹਤ-ਸਿੱਖਿਆ ਵਿਵਸਥਾ ਦਾ ਪ੍ਰਬੰਧ ਕਰਨਾ ਅਤੇ ਕਿਰਤੀਆਂ ਕਿਸਾਨਾਂ, ਮੁਲਾਜ਼ਮਾਂ, ਔਰਤਾਂ, ਵਿਦਿਆਰਥੀਆਂ, ਛੋਟੇ ਵਪਾਰੀਆਂ ਪੱਖੀ ਮਾਹੌਲ ਸਿਰਜਣਾ ਬਸਪਾ ਦਾ ਮੁੱਖ ਏਜੰਡਾ ਹੈ। ਇਸਦੇ ਤਹਿਤ ਹੀ ਬਸਪਾ ਵੱਲੋਂ 'ਪੰਜਾਬ ਸੰਭਾਲੋ' ਮੁਹਿੰਮ ਤਹਿਤ ਘਰ-ਘਰ ਜਾ ਕੇ ਲੋਕਾਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਖੁਸ਼ਹਾਲੀ, ਤਰੱਕੀ ਲਈ ਬਸਪਾ ਦੇ ਬੈਨਰ ਹੇਠ ਇਕੱਠੇ ਹੋਣ ਦਾ ਸੱਦਾ ਦਿੱਤਾ ਜਾ ਰਿਹਾ ਹੈ। ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਪੰਜਾਬ ਭਰ ਵਿੱਚ ਬਸਪਾ ਦੇ ਸਮਾਗਮਾਂ ਵਿੱਚ ਲੋਕਾਂ ਦੇ ਹੋ ਰਹੇ ਭਾਰੀ ਇਕੱਠ ਇਸ ਗੱਲ ਦਾ ਸੰਕੇਤ ਹਨ ਕਿ ਆਉਣ ਵਾਲੀਆਂ 2027 ਦੀਆਂ ਵਿਧਾਨਸਭਾ ਚੋਣਾਂ ਵਿੱਚ ਬਸਪਾ ਪੰਜਾਬ ਦੀ ਸੱਤਾ ਦਾ ਕੇਂਦਰ ਬਣੇਗੀ। ਸਮੀਖਿਆ ਮੀਟਿੰਗ ਦੌਰਾਨ ਬਸਪਾ ਦੇ ਸੂਬਾ ਕੋਆਰਡੀਨੇਟਰ ਪਰਜਾਪਤੀ ਅਜੀਤ ਸਿੰਘ ਭੈਣੀ ਜੀ, ਸੂਬਾ ਕੋਆਰਡੀਨੇਟਰ ਚੌਧਰੀ ਗੁਰਨਾਮ ਸਿੰਘ ਤੇ ਤੀਰਥ ਰਾਜਪੁਰਾ ਸੂਬਾ ਕੋਆਰਡੀਨੇਟਰ ਤੋਂ ਇਲਾਵਾ ਪਾਰਟੀ ਦੀ ਸੂਬਾਈ ਲੀਡਰਸ਼ਿਪ ਵੀ ਮੌਜੂਦ ਸੀ।

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ 25 ਨੂੰ

## SGPC ਚੋਣਾਂ ਨਾਲ ਤੁਲਨਾ ਕਰਦਿਆਂ ਕਿਹਾ ਕਿ ਜਿਵੇਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਲਿਫਾਫਾ ਦੇ ਕੇ ਪ੍ਰਧਾਨ ਦਾ ਨਾਮ ਐਲਾਨ ਕਰਦੇ ਹਨ, ਇਸ ਦੇ ਉਲਟ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਸਭ ਤੋਂ ਨੌਜਵਾਨ ਮੈਂਬਰ ਵੱਲੋਂ ਅਹੁਦੇਦਾਰਾਂ ਦੇ ਨਾਮ ਪ੍ਰਸਤਾਵਿਤ ਕੀਤੇ ਜਾਣਗੇ-ਕਾਲਕਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 23 ਜੂਨ
INTERNATIONAL PAPER, 9463601616
hardipchumber57@gmail.com




ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ 25 ਜੂਨ ਨੂੰ ਹੋਣਗੀਆਂ। ਇਹ ਜਾਣਕਾਰੀ ਕਮੇਟੀ ਦੇ ਮੌਜੂਦਾ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਅੱਜ ਦਿੱਤੀ। ਉਨ੍ਹਾਂ ਗੁਰਦੁਆਰਾ ਰਕਾਬਗੰਜ ਸਾਹਿਬ ਵਿਖੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਦਫਤਰ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ ਡਾਇਰੈਕਟਰ ਗੁਰਦੁਆਰਾ ਚੋਣਾਂ ਵੱਲੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਕਰਵਾਉਣ ਸਬੰਧੀ ਪੱਤਰ ਭੇਜਿਆ ਗਿਆ ਹੈ।

ਕਾਲਕਾ ਨੇ ਕਿਹਾ ਕਿ ਚੋਣਾਂ ਜਮਹੂਰੀ ਅਤੇ ਸ਼ਾਂਤੀਪੂਰਕ ਢੰਗ ਨਾਲ ਹੋਣਗੀਆਂ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਕਿਸੇ ਵੱਲੋਂ ਅਮਨ-ਕਾਨੂੰਨ ਵਿੱਚ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ ਗਈ, ਤਾਂ ਇਸ ਦਾ ਉਚਿਤ ਢੰਗ ਨਾਲ ਨਿਪਟਾਰਾ ਕੀਤਾ ਜਾਵੇਗਾ। ਉਨ੍ਹਾਂ ਕਿਹਾ, ''ਸਾਡੀ ਪਾਰਟੀ ਆਉਂਦੇ ਸਮੇਂ ਵਿੱਚ ਸਰਬਸੰਮਤੀ ਨਾਲ ਅਹੁਦੇਦਾਰਾਂ ਦੀ ਚੋਣ ਕਰੇਗੀ।''

ਉਨ੍ਹਾਂ SGPC ਚੋਣਾਂ ਨਾਲ ਤੁਲਨਾ ਕਰਦਿਆਂ ਕਿਹਾ ਕਿ ਜਿਵੇਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਲਿਫਾਫਾ ਦੇ ਕੇ ਪ੍ਰਧਾਨ ਦਾ ਨਾਮ ਐਲਾਨ ਕਰਦੇ ਹਨ, ਇਸ ਦੇ ਉਲਟ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਸਭ ਤੋਂ ਨੌਜਵਾਨ ਮੈਂਬਰ ਵੱਲੋਂ ਅਹੁਦੇਦਾਰਾਂ ਦੇ ਨਾਮ ਪ੍ਰਸਤਾਵਿਤ ਕੀਤੇ ਜਾਣਗੇ। ਉਨ੍ਹਾਂ ਨੂੰ ਦੂਜੇ ਮੈਂਬਰ ਵੱਲੋਂ ਸਮਰਥਨ ਮਿਲੇਗਾ ਅਤੇ ਫਿਰ ਜਨਰਲ ਹਾਊਸ ਵੱਲੋਂ ਚੋਣ ਕੀਤੀ ਜਾਵੇਗੀ। ਕਮੇਟੀ ਦੇ ਪ੍ਰਧਾਨ, ਜਨਰਲ ਸਕੱਤਰ ਅਤੇ ਹੋਰ ਅਹੁਦੇਦਾਰਾਂ ਦੇ ਨਾਲ ਨਾਲ ਇੱਕ ਕਾਰਜਕਾਰੀ ਕਮੇਟੀ ਦੀ ਵੀ ਚੋਣ ਹੋਵੇਗੀ।

ਚੋਣਾਂ ਵਿਚ ਦੇਰੀ ਬਾਰੇ ਕਾਲਕਾ ਨੇ ਦੱਸਿਆ ਕਿ ਇਹ ਚੋਣਾਂ ਅਦਾਲਤਾਂ ਵਿੱਚ ਵਿਰੋਧੀਆਂ ਵੱਲੋਂ ਫਾਈਲ ਕੀਤੀਆਂ ਪਟੀਸ਼ਨਾਂ ਦੇ ਚਲਦੇ ਨਹੀਂ ਹੋ ਸਕੀਆਂ। ਹੁਣ ਜਦੋਂ ਕਿ ਚੋਣਾਂ ਦੀ ਮਿਆਦ ਨੂੰ ਦੋ ਸਾਲ ਲੰਘ ਚੁੱਕੇ ਹਨ, ਡਾਇਰੈਕਟਰ ਗੁਰਦੁਆਰਾ ਚੋਣਾਂ ਅਤੇ ਉਪ-ਰਾਜਪਾਲ ਨੇ ਇਹ ਚੋਣਾਂ ਕਰਵਾਉਣ ਦਾ ਫੈਸਲਾ ਲਿਆ ਹੈ।

# ਲੁਧਿਆਣਾ ਦੀ ਜਿੱਤ 'ਆਪ' ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਦਾ ਨਤੀਜਾ - ਮਾਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 23 ਜੂਨ
INTERNATIONAL PAPER, 9463601616
hardipchumber57@gmail.com





ਫਗਵਾੜਾ 23 ਜੂਨ (ਸ਼ਿਵ ਕੌੜਾ) ਆਮ ਆਦਮੀ ਪਾਰਟੀ ਨੂੰ ਵਿਧਾਨਸਭਾ ਹਲਕਾ ਫਗਵਾੜਾ 'ਚ ਹੋਰ ਮਜਬੂਤ ਕਰਨ ਦੇ ਮਕਸਦ ਨਾਲ ਇਕ ਮੀਟਿੰਗ ਹਲਕਾ ਇੰਚਾਰਜ ਜੋਗਿੰਦਰ ਸਿੰਘ ਮਾਨ ਦੇ ਗ੍ਰਹਿ ਵਿਖੇ ਆਯੋਜਿਤ ਕੀਤੀ ਗਈ। ਜਿਸ ਵਿਚ ਜ਼ਿਲ੍ਹਾ ਕਪੂਰਥਲਾ ਦੇ ਪਾਰਟੀ ਪ੍ਰਧਾਨ ਸਰਬਜੀਤ ਸਿੰਘ ਲੁਬਾਣਾ, ਸੂਬਾ ਸਪੋਕਸ ਪਰਸਨ ਹਰਨੂਰ ਸਿੰਘ ਮਾਨ ਤੋਂ ਇਲਾਵਾ ਜਰਨੈਲ ਨੰਗਲ ਚੇਅਰਮੈਨ ਨਗਰ ਸੁਧਾਰ ਟਰੱਸਟ, ਮੇਅਰ ਰਾਮਪਾਲ ਉੱਪਲ, ਡਿਪਟੀ ਮੇਅਰ ਵਿੱਕੀ ਸੂਦ ਵਿਸ਼ੇਸ਼ ਤੌਰ ਤੇ ਮੌਜੂਦ ਰਹੇ। ਇਸ ਦੌਰਾਨ ਵਰਕਰਾਂ ਨੂੰ ਸੰਬੋਧਨ ਕਰਦੇ ਹੋਏ ਜੋਗਿੰਦਰ ਸਿੰਘ ਮਾਨ, ਸਰਬਜੀਤ ਸਿੰਘ ਲੁਬਾਣਾ ਅਤੇ ਹੋਰਨਾਂ ਬੁਲਾਰਿਆਂ ਨੇ ਲੁਧਿਆਣਾ ਜਿਮਨੀ ਚੋਣ 'ਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਦੀ ਸ਼ਾਨਦਾਰ ਜਿੱਤ ਲਈ ਵਧਾਈ ਦਿੱਤੀ। ਮਾਨ ਅਤੇ ਲੁਬਾਣਾ ਨੇ ਕਿਹਾ ਕਿ ਲੁਧਿਆਣਾ ਜਿਮਨੀ ਚੋਣ ਦੀ ਜਿੱਤ ਨੇ ਪੰਜਾਬ ਸਰਕਾਰ ਦੀਆਂ ਲੋਕ ਭਲਾਈ ਨੀਤੀਆਂ ਤੇ ਮੋਹਰ ਲਗਾਈ ਹੈ। ਉਹਨਾਂ ਨੇ ਵਰਕਰਾਂ ਨੂੰ 2027 ਦੀਆਂ ਪੰਜਾਬ ਵਿਧਾਨਸਭਾ ਚੋਣਾਂ ਲਈ ਹੁਣ ਤੋਂ ਹੀ ਤਿਆਰੀ ਕਰਨ ਦੀ ਅਪੀਲ ਕੀਤੀ। ਉਹਨਾਂ ਕਿਹਾ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਵਲੋਂ ਪਿਛਲੇ ਸਮੇਂ ਦੌਰਾਨ ਹਾਸਲ ਕੀਤੀਆਂ ਪ੍ਰਾਪਤੀਆਂ ਅਤੇ ਲੋਕ ਭਲਾਈ ਦੀਆਂ ਲਾਗੂ ਕੀਤੀਆਂ ਸਕੀਮਾਂ ਬਾਰੇ ਜਾਣੂ ਕਰਵਾਇਆ ਜਾਵੇ। ਇਸ ਦੌਰਾਨ ਪੰਜਾਬ ਸਪੋਕਸ ਪਰਸਨ ਹਰਨੂਰ ਸਿੰਘ ਮਾਨ ਨੇ ਵਰਕਰਾਂ ਨੂੰ ਦੱਸਿਆ ਕਿ ਸੂਬਾ ਸਰਕਾਰ ਡਰੱਗ ਮਾਫੀਆ ਨੂੰ ਠਲ੍ਹ ਪਾਉਣ ਲਈ ਪੁਰਜੋਰ ਯਤਨ ਕਰ ਰਹੀ ਹੈ ਪਰ ਵਿਰੋਧੀ ਧਿਰਾਂ ਨੂੰ ਇਹ ਬਰਦਾਸ਼ਤ ਨਹੀਂ ਹੈ ਅਤੇ ਸਰਕਾਰ ਨੂੰ ਬਦਨਾਮ ਕਰਨ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਿਸ ਵਾਰੇ ਵੀ ਆਮ ਜਨਤਾ ਨੂੰ ਸੁਚੇਤ ਕੀਤਾ ਜਾਵੇ। ਇਸ ਮੌਕੇ ਸੀਨੀਅਰ ਆਗੂ ਹਰਮੇਸ਼ ਪਾਠਕ, ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਪਰਸਨ ਲਲਿਤ ਸਕਲਾਨੀ, ਦਲਜੀਤ ਸਿੰਘ ਰਾਜੂ, ਤਵਿੰਦਰ ਰਾਮ ਚੇਅਰਮੈਨ ਮਾਰਕਿਟ ਕਮੇਟੀ, ਗੁਰਦੀਪ ਸਿੰਘ ਦੀਪਾ, ਓਮ ਪ੍ਰਕਾਸ਼ ਬਿੱਟੂ, ਬਲਾਕ ਪ੍ਰਧਾਨ ਬਲਵੀਰ ਠਾਕੁਰ, ਬਲਾਕ ਪ੍ਰਧਾਨ ਸਮਰ ਗੁਪਤਾ, ਕੌਂਸਲਰ ਰਵੀ ਸਿੱਧੂ, ਕੌਂਸਲਰ ਪਰਵੀਨ ਠਾਕੁਰ, ਵਿਜੇ ਬਸੰਤ ਨਗਰ, ਬਲਾਕ ਪ੍ਰਧਾਨ ਫੌਜੀ ਸ਼ੇਰਗਿਲ, ਨਰੇਸ਼ ਸ਼ਰਮਾ, ਵਿਪਨ ਮਹਿਤਾ, ਗੁਰਦੀਪ ਸਿੰਘ ਤੁਲੀ, ਮਨਜੀਤ ਸਿੰਘ, ਵਰੁਣ ਬੰਗੜ ਸਰਪੰਚ ਚੱਕ ਹਕੀਮ, ਰਣਜੀਤ ਸਿੰਘ, ਸੁਰਿੰਦਰ ਸਿੰਘ ਸਰਪੰਚ, ਸੋਨੂੰ ਪਹਿਲਵਾਨ, ਰਾਜਕੁਮਾਰ, ਜਸਵਿੰਦਰ ਸਿੰਘ, ਲਖਵੀਰ ਲਾਲ, ਹਰਜੀਤ ਸਿੰਘ, ਅਮਰਿੰਦਰ ਸਿੰਘ ਬਲਾਕ ਪ੍ਰਧਾਨ, ਮਨਮੋਹਨ ਸਿੰਘ ਬਲਾਕ ਪ੍ਰਧਾਨ, ਅਮਨਦੀਪ ਸਿੰਘ, ਸੀਮਾ ਰਾਣਾ, ਮਨਦੀਪ ਕੌਰ, ਸੋਨੂੰ ਮਦਾਨ, ਜਿੰਦਰ ਬਸਰਾ, ਦੇਸਰਾਜ ਸਰਪੰਚ, ਮਨਜੀਤ ਸਿੰਘ ਵਾਹਦ ਸਰਪੰਚ, ਦਲਜੀਤ ਸਿੰਘ, ਨਵਦੀਪ ਸਿੰਘ, ਵਿਜੇ ਕੁਮਾਰ ਸਰਪੰਚ ਢੱਕ ਪੰਡੋਰੀ, ਮੇਨੂੰ, ਮਹਿੰਗਾ ਰਾਮ, ਆਸ਼ੂ ਮੱਟੂ, ਜਗਦੀਸ਼ ਕੁਮਾਰ ਆਦਿ ਹਾਜਰ ਸਨ।

# ਮਿਊਂਸੀਪਲ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਲਈ ਜ਼ਰੂਰੀ ਮੀਟਿੰਗ ਈਸੜੂ ਭਵਨ ਵਿਖੇ ਹੋਈ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 23 ਜੂਨ
INTERNATIONAL PAPER, 9463601616
hardipchumber57@gmail.com



ਹੁ ਸ਼ਿ ਆ ਰ ਪੁ ਰ (ਸਤਨਾਮ ਸਿੰਘ ਸਹੂੰਗੜਾ) ਬੀਤੇ ਦਿਨੀ ਮਿਊਂਸੀਪਲ ਮੁਲਾਜ਼ਮ ਐਕਸ਼ਨ ਕਮੇਟੀ ਪੰਜਾਬ ਦੇ ਸੂਬਾ ਪੱਧਰੀ ਨੁਮਾਇੰਦਿਆਂ ਦੀ ਇਕ ਅਹਿਮ ਮੀਟਿੰਗ ਲੁਧਿਆਣਾ ਸਥਿਤ ਈਸੜੂ ਭਵਨ ਵਿਖੇ ਹੋਈ। ਮੀਟਿੰਗ ਦੇ ਵਿੱਚ ਸ਼ਮੂਲੀਅਤ ਕਰਕੇ ਵਾਪਸ ਪਰਤੇ ਐਕਸ਼ਨ ਕਮੇਟੀ ਦੇ ਸਰਪਰਸਤ ਕੁਲਵੰਤ ਸਿੰਘ ਸੈਣੀ ਨੇ ਪ੍ਰੈਸ ਵਿੱਚ ਬਿਆਨ ਜਾਰੀ ਕਰਦਿਆਂ ਹੋਇਆਂ ਜਾਣਕਾਰੀ ਦਿੱਤੀ ਕਿ ਪੰਜਾਬ ਸਰਕਾਰ ਦੇ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਵਲੋਂ ਬੀਤੇ 23-04-2025 ਨੂੰ ਐਕਸ਼ਨ ਕਮੇਟੀ ਨਾਲ ਪੰਜਾਬ ਦੇ ਸਮੂਹ ਮਿਊਂਸੀਪਲ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਦਾ ਨਿਪਟਾਰਾ ਕਰਨ ਲਈ ਕੀਤੀ ਗਈ ਮੀਟਿੰਗ ਵਿੱਚ ਸਮੂਹ ਮੰਗਾਂ ਨੂੰ ਹਲ ਕਰਨ ਲਈ 2 ਮਹੀਨਿਆਂ ਦਾ ਸਮਾਂ ਮੰਗਿਆ ਸੀ ਜਿਸ ਦੀ ਮਿਆਦ 23 ਜੂਨ ਨੂੰ ਪੂਰੀ ਹੋ ਗਈ ਹੈ। ਪਰ ਪੰਜਾਬ ਸਰਕਾਰ ਵੱਲੋਂ ਹੁਣ ਤੱਕ ਸਾਡੀਆਂ ਮੰਗਾਂ ਤੇ ਕੋਈ ਵੀ ਗੋਰ ਨਹੀ ਕੀਤੀ ਜਾ ਰਹੀ ਹੈ ਜਿਸ ਦੇ ਕਾਰਨ ਪੰਜਾਬ ਦੇ ਖਿਲਾਫ ਕੀਤੇ ਜਾਣ ਵਾਲੇ ਸੰਘਰਸ਼ਾਂ ਦੀ ਰੂਪਰੇਖਾ ਤਿਆਰ ਕੀਤੀ ਗਈ, ਜਿਸ ਵਿੱਚ ਸਭ ਤੋਂ ਪਹਿਲਾਂ ਜੱਥੇਬੰਦੀਆਂ ਵੱਲੋਂ ਆਪਣੇ ਸਮੁੱਚੇ ਮੁਲਾਜ਼ਮਾਂ ਨੂੰ ਰੈਲੀਆਂ ਕਰਕੇ ਉਨ੍ਹਾਂ ਨੂੰ ਲਾਮਬੰਦ ਕੀਤਾ ਜਾਵੇਗਾ। ਉਸ ਤੋਂ ਬਾਅਦ ਪੰਜਾਬ ਪੱਧਰੀ ਰੈਲੀ ਵਿੱਚ ਸੀ.ਐਮ. ਦੀ ਕੋਠੀ ਜਾਂ ਖਜਾਨਾ ਮੰਤਰੀ ਦੀ ਕੋਠੀ ਅੱਗੇ ਘੇਰਾਵ ਕੀਤਾ ਜਾਵੇਗਾ। ਉਨ੍ਹਾਂ ਨੇ ਅੱਗੇ ਦੱਸਿਆ ਕਿ ਪੰਜਾਬ ਸਰਕਾਰ ਜਦੋ ਤੋਂ ਸਤਾ ਵਿੱਚ ਆਈ ਹੈ ਉਦੋਂ ਤੋਂ ਮੁਲਾਜ਼ਮਾਂ ਨਾਲ ਵਾਰ-ਵਾਰ ਵਾਅਦਾ ਖਿਲਾਫੀ ਕਰਕੇ ਤੇ ਲਾਰੇ ਲਗਾ-ਲਗਾ ਕੇ ਮੁਲਾਜ਼ਮਾਂ ਨਾਲ ਖਿਲਵਾੜ ਕਰ ਰਹੀ ਹੈ ਜਿਸ ਤੋਂ ਦੁਖੀ ਹੋ ਕੇ ਪੰਜਾਬ ਦੇ ਮਿਊਂਸੀਪਲ ਕਾਮਿਆਂ ਵੱਲੋਂ ਇਹ ਸੰਘਰਸ਼ ਵਿੱਢੇ ਗਏ ਹਨ।ਮੰਗਾਂ ਬਾਰੇ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਸਭ ਤੋਂ ਪਹਿਲਾਂ ਸਾਡੇ ਪੰਜਾਬ ਭਰ ਦੇ ਦਰਜਾ-3 ਅਤੇ ਦਰਜਾ-4 ਜਿਵੇਂ ਕਲਰਕ, ਡਾਟਾ ਐਂਟਰੀ ਕੰਪਿਊਟਰ ਆਪ੍ਰੇਟਰ, ਪੰਪ ਆਪ੍ਰੇਟਰ, ਡਰਾਈਵਰ, ਇਲੈਕਟ੍ਰੀਸ਼ੀਅਨ, ਮਾਲੀ, ਬੇਲਦਾਰ, ਸੇਵਾਦਾਰ, ਚੌਕੀਦਾਰ, ਸਫਾਈ ਸੇਵਕ, ਸੀਵਰਮੈਨ ਅਤੇ ਫਾਈਰ ਬ੍ਰਿਗੇਡ ਦੇ ਆਊਟ ਸ੍ਰੋਸ ਮੁਲਾਜ਼ਮਾਂ ਨੂੰ ਇਨਸ੍ਰੋਸ ਕੀਤਾ ਜਾਵੇ ਅਤੇ ਇਨਸ੍ਰੋਸ ਮੁਲਾਜ਼ਮਾਂ ਨੂੰ ਰੈਗੂਲਰ ਕੀਤਾ ਜਾਵੇ। ਇਨ੍ਹਾਂ ਦੀ ਤਨਖਾਹ ਵਿੱਚ ਵਾਧਾ ਕਰਕੇ ਘੱਟੋ ਘੱਟ 26000 ਰੁਪਏ ਕੀਤੀ ਜਾਵੇ। ਮਿਤੀ: 01-01-2004 ਤੋਂ ਬਾਅਦ ਭਰਤੀ ਪੰਜਾਬ ਦੇ ਸਮੂਹ ਮਿਊਂਸੀਪਲ ਮੁਲਾਜ਼ਮਾਂ ਤੇ ਪੁਰਾਣੀ ਪੈਨਸ਼ਨ ਲਾਗੂ ਕੀਤੀ ਜਾਵੇ, ਜਿਨ੍ਹਾਂ ਮੁਲਾਜ਼ਮਾਂ ਤੋਂ ਮਿਤੀ: 31-12-2011 ਤੱਕ ਪੈਨਸ਼ਨ ਸਬੰਧੀ ਆਪਸ਼ਨ ਲਈ ਹੈ, ਦਾ ਪ੍ਰੋਸੈਸ ਪੂਰਾ ਕਰਕੇ ਪੈਨਸ਼ਨ ਲਗਾਈ ਜਾਵੇ ਅਤੇ ਮਿਤੀ: 23-07-2021 ਨੂੰ ਜਾਰੀ ਹੋਏ ਨੋਟੀਫਿਕੇਸ਼ਨ ਦੇ ਆਧਾਰ ਤੇ ਪੰਜਾਬ ਵਿੱਚ ਸਫਾਈ ਸੇਵਕ ਸੀਵਰਮੈਨਾਂ ਦੀ ਕੀਤੀ ਗਈ ਕੰਟਰੈਕਟ ਬੇਸ ਭਰਤੀ ਵਿੱਚ ਪੈਂਡਿੰਗ ਛੱਡੇ ਗਏ ਪਹਿਲਾਂ ਤੋਂ ਕੰਮ ਕਰਦੇ ਆਊਟ ਸ੍ਰੋਸ ਸਫਾਈ ਸੇਵਕ ਅਤੇ ਸੀਵਰਮੈਨਾਂ ਨੂੰ ਇਨਸ੍ਰੋਸ ਕੀਤਾ ਜਾਵੇ, ਜਿਨ੍ਹਾਂ ਨਗਰ ਨਿਗਮਾਂ, ਨਗਰ ਕੌਂਸਲਾ ਅਤੇ ਨਗਰ ਪੰਚਾਇਤਾਂ ਵਲੋਂ ਸਫਾਈ ਸੇਵਕ, ਸੀਵਰਮੈਨ ਦੀ ਕੰਟਰੈਕਟ ਬੇਸ ਭਰਤੀ ਦਾ ਭਰਤੀ ਪ੍ਰੋਸੈਸ ਅੱਧ ਵਿਚਕਾਰ ਪਿਆ ਹੈ, ਉਹ ਜਲਦ ਪੂਰਾ ਕਰਕੇ ਇਨ੍ਹਾਂ ਨੂੰ ਇਨਸ੍ਰੋਸ ਕੀਤਾ ਜਾਵੇ ਆਦਿ ਮੰਗਾਂ ਨੂੰ ਜੇਕਰ ਸਰਕਾਰ ਜਲਦ ਪੂਰਾ ਨਹੀਂ ਕਰੇਗੀ ਤਾਂ ਆਗਾਮੀ ਆਉਣ ਵਾਲੇ ਸਮੇਂ ਵਿੱਚ ਮਿਊਂਸੀਪਲ ਮੁਲਾਜ਼ਮ ਐਕਸ਼ਨ ਕਮੇਟੀ ਪੰਜਾਬ ਵਲੋਂ ਇਨ੍ਹਾਂ ਸੰਘਰਸ਼ਾਂ ਨੂੰ ਹੋਰ ਵੀ ਤਿੱਖਾ ਕਰੇਗੀ ਤੇ ਇਹਨਾਂ ਤੋਂ ਵੀ ਵੱਡੇ ਸੰਘਰਸ਼ ਵਿੱਢਣ ਲਈ ਮਜਬੂਰ ਹੋਵੇਗੀ ਜਿਸ ਦੀ ਸਾਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ। ਇਸ ਸਮੇਂ ਤੇ ਕੰਨਵੀਨਰ ਰਮੇਸ਼ ਗੈਚੰਡ, ਕੁਲਦੀਪ ਸ਼ਰਮਾ ਫਰੀਦਕੋਟ, ਸਫਾਈ ਸੇਵਕ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਅਸ਼ੋਕ ਸਾਰਵਾਨ ਫਰੀਦਕੋਟ, ਨਗਰਪਾਲਿਕਾ ਕਰਮਚਾਰੀ ਸੰਗਠਨ ਪੰਜਾਬ ਦੇ ਸੀਨੀਅਰ ਵਾਈਸ ਪ੍ਰਧਾਨ ਗੋਪਾਲ ਥਾਪਰ ਤੇ ਪੰਜਾਬ ਮਿਊਂਸੀਪਲ ਵਰਕਰਜ਼ ਫੈਡਰੇਸ਼ਨ ਜਨਰਲ ਸਕੱਤਰ ਨਾਇਬ ਸਿੰਘ ਬਰਾੜ ਜੈਤੋ, ਜੀ.ਐਮ. ਸਿੰਘ ਖਰੜ, ਗੁਲਸ਼ਨ ਬਰਨਾਲਾ, ਸ਼ੰਨੀ ਭਗਾਨੀਆ ਨਵਾਂਸ਼ਹਿਰ, ਹਰਮੇਸ਼ ਬੰਗਾ, ਪ੍ਰਵੀਨ ਰਾਮਾ, ਸੋਨੂੰ ਧਵਨ, ਜਗਦੀਸ਼ ਲੁਧਿਆਣਾ, ਪੰਕਜ ਕੋਟਕਪੂਰਾ, ਸੋਮਨਾਥ ਆਦੀਆ, ਵਿਕਰਮਜੀਤ ਬੰਟੀ ਹੁਸ਼ਿਆਰਪੁਰ ਆਦਿ ਮੁਲਾਜ਼ਮ ਆਗੂ ਹਾਜ਼ਰ ਸਨ।

# ਪੰਜਾਬ ਸਰਕਾਰ ਵੱਲੋਂ ਤਰਨਤਾਰਨ ਵਿੱਚ ਡਾ. ਬੀ.ਆਰ. ਅੰਬੇਡਕਰ ਭਵਨ ਦੇ ਨਿਰਮਾਣ ਲਈ 5.33 ਕਰੋੜ ਰੁਪਏ ਦੀ ਹੋਰ ਰਾਸ਼ੀ ਮੰਜ਼ੂਰ — ਡਾ. ਬਲਜੀਤ ਕੌਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 23 ਜੂਨ
INTERNATIONAL PAPER, 9463601616
hardipchumber57@gmail.com

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਰੂਪ ਤੋਂ ਕਮਜ਼ੋਰ ਵਰਗਾਂ ਦੀ ਭਲਾਈ ਅਤੇ ਉਨ੍ਹਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਨਿਰੰਤਰ ਸੰਕਲਪਬੱਧ ਹੈ। ਇਸੇ ਕੜੀ ਵਿੱਚ, ਤਰਨਤਾਰਨ ਜ਼ਿਲ੍ਹੇ ਵਿੱਚ ਬਣ ਰਹੇ ਡਾ. ਬੀ.ਆਰ. ਅੰਬੇਡਕਰ ਭਵਨ ਦੇ ਨਿਰਮਾਣ ਲਈ 5.33 ਕਰੋੜ ਰੁਪਏ ਦੀ ਹੋਰ ਰਾਸ਼ੀ ਮੰਜ਼ੂਰ ਕਰ ਦਿੱਤੀ ਗਈ ਹੈ। ਇਹ ਜਾਣਕਾਰੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਦਿੱਤੀ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਜੂਨ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

ਬਾਬਾ ਸਾਹਿਬ ਕਹਿੰਦੇ ਹਨ

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੋ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

**ਗੋਲਮੇਜ਼ ਕਾਨਫਰੰਸ ਹੋਣ ਤੋਂ ਪਹਿਲਾਂ 9, 10, 11 ਅਗਸਤ 1930 ਨੂੰ ਤਿੰਨ ਦਿਨਾਂ ਲਈ ਨਾਗਪੁਰ ਵਿੱਚ ਰਾਸ਼ਟਰ ਪੱਧਰ ਦਾ ਅਛੂਤ ਸਮੇਲਨ ਵਿਚ ਕੀਤਾ ਗਿਆ । ਇਸ ਵਿੱਚ ਲੰਡਨ ਵਿੱਚ ਹੋਣ ਵਾਲੀ ਗੋਲਮੇਜ਼ ਕਾਨਫਰੰਸ ਲਈ ਅਛੂਤਾਂ ਦੇ ਪ੍ਰਤੀਨਿਧੀਆਂ ਦੀਆਂ ਨਾਮਜ਼ਦਗੀਆਂ ਕੀਤੀਆਂ ਜਾਣੀਆਂ ਸਨ ਜਿੱਥੇ ਭਵਿੱਖ ਦੇ ਭਾਰਤੀ ਸੰਵਿਧਾਨ ਦੀ ਰੂਪਰੇਖਾ 'ਤੇ ਚਰਚਾ ਕੀਤੀ ਜਾਣੀ ਸੀ। ਅਜ਼ਾਦੀ ਦੇ ਬਾਅਦ ਜੋ ਵੀ ਸਮਾਜਿਕ**



**ਰਾਜਨੀਤਿਕ ਵਰਤਰਾ ਹੋਣ ਵਾਲੀ ਸੀ ਬਾਬਾ ਸਾਹਿਬ ਨੇ 20 ਸਾਲ ਪਹਿਲਾਂ ਹੀ ਵਾਰਨਿੰਗ ਦੇ ਦਿੱਤੀ ਸੀ। ਪੂਰੀ ਜਾਣਕਾਰੀ ਅਤੇ ਕੜੀ ਜੋੜਨ ਲਈ ਹਰ ਰੋਜ ਦੇ ਲੇਖ ਨੂੰ ਪੜ੍ਹਨਾ ਜਰੂਰੀ ਹੈ**

(ਕਲ੍ਹ ਦੇ ਲੇਖ ਦਾ ਬਾਕੀ ਭਾਗ)

## V. ਦੱਬੇ-ਕੁਚਲੇ ਵਰਗ ਅਤੇ ਸਵਰਾਜ

23. ਮੇਰੀ ਰਾਏ ਵਿੱਚ, ਮੈਂ ਸਵੈ-ਸ਼ਾਸਨ ਵਾਲੇ ਭਾਰਤ ਦੇ ਭਵਿੱਖ ਦੇ ਸੰਵਿਧਾਨ ਵਿੱਚ ਦੱਬੇ-ਕੁਚਲੇ ਵਰਗਾਂ ਲਈ ਜ਼ਰੂਰੀ ਗਰੰਟੀਆਂ ਅਤੇ ਸੁਰੱਖਿਆ ਪ੍ਰਬੰਧਾਂ ਬਾਰੇ ਸਭ ਕੁਝ ਕਹਿ ਦਿੱਤਾ ਹੈ। ਪਰ ਇਸ ਮੀਟਿੰਗ ਵਿੱਚ ਚਰਚਾ ਕੀਤੇ ਜਾਣ ਵਾਲੇ ਸਾਰੇ ਵਿਸ਼ੇ ਅਜੇ ਖਤਮ ਨਹੀਂ ਹੋਏ ਹਨ। ਜੇਕਰ ਅਸੀਂ ਦੇਸ਼ ਵਿੱਚ ਚੱਲ ਰਹੇ ਰਾਜਨੀਤਿਕ ਅੰਦੋਲਨ 'ਤੇ ਆਪਣੇ ਵਿਚਾਰ ਪ੍ਰਗਟ ਕਰਕੇ ਇੱਕ ਰਾਏ ਨਹੀਂ ਬਣਾਉਂਦੇ, ਤਾਂ ਇਹ ਮੀਟਿੰਗ ਅਧੂਰੀ ਰਹੇਗੀ। ਤੁਹਾਨੂੰ ਯਾਦ ਹੋਵੇਗਾ ਕਿ ਦਸੰਬਰ 1928 ਵਿੱਚ ਕਲਕੱਤਾ ਵਿੱਚ ਹੋਏ ਸੈਸ਼ਨ ਵਿੱਚ, ਇੰਡੀਅਨ ਨੈਸ਼ਨਲ ਕਾਂਗਰਸ ਨੇ ਇੱਕ ਮਤਾ ਪਾਸ ਕੀਤਾ ਸੀ ਜਿਸ ਵਿੱਚ ਐਲਾਨ ਕੀਤਾ ਗਿਆ ਸੀ ਕਿ ਦਸੰਬਰ 1929 ਤੱਕ, ਬ੍ਰਿਟਿਸ਼ ਭਾਰਤ ਦੀ ਇੱਕ ਪ੍ਰਭੂਸੱਤਾ ਸੰਪੰਨ ਸਰਕਾਰ ਸਥਾਪਤ ਕਰਨੀ ਚਾਹੀਦੀ ਹੈ ਨਹੀਂ ਤਾਂ ਇਸ ਨੇ ਧਮਕੀ ਦਿੱਤੀ ਸੀ ਕਿ ਸਾਡੀ ਮੰਗ ਇੱਕ ਪ੍ਰਭੂਸੱਤਾ ਸੰਪੰਨ ਸਰਕਾਰ ਤੋਂ ਪੂਰੀ ਆਜ਼ਾਦੀ ਵਿੱਚ ਬਦਲ ਜਾਵੇਗੀ। ਇਸ ਧਮਕੀ ਦੇ ਜਵਾਬ ਵਿੱਚ, ਇੱਕ ਬ੍ਰਿਟਿਸ਼ ਪ੍ਰਭੂਸੱਤਾ ਸੰਪੰਨ ਸਰਕਾਰ ਦੀ ਸਥਾਪਨਾ ਉਨ੍ਹਾਂ ਦਾ ਟੀਚਾ ਹੈ। ਕਾਂਗਰਸ ਇਸ ਐਲਾਨ ਤੋਂ ਸੰਤੁਸ਼ਟ ਨਹੀਂ ਸੀ। ਕਾਂਗਰਸ ਨੇ ਬ੍ਰਿਟਿਸ਼ ਪ੍ਰਭੂਸੱਤਾ ਸੰਪੰਨ ਸਰਕਾਰ ਨੂੰ ਆਪਣਾ ਟੀਚਾ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਉਸ ਦਿਨ ਤੱਕ ਉਨ੍ਹਾਂ ਨੇ ਇੱਕ ਪ੍ਰਭੂਸੱਤਾ ਸੰਪੰਨ ਸਰਕਾਰ ਦੀ ਸਥਾਪਨਾ ਦੀ ਮੰਗ ਕੀਤੀ ਸੀ ਅਤੇ ਦਸੰਬਰ 1929 ਦੀ ਮੀਟਿੰਗ ਵਿੱਚ ਭਾਰਤ ਦੀ ਆਜ਼ਾਦੀ ਦੀ ਮੰਗ ਦਾ ਟੀਚਾ ਐਲਾਨ ਕੀਤਾ। ਤੁਹਾਨੂੰ ਇਹ ਐਲਾਨ ਕਰਨਾ ਪਵੇਗਾ ਕਿ ਭਾਰਤੀ ਰਾਸ਼ਟਰੀ ਕਾਂਗਰਸ ਦੇ ਇਸ ਰਾਜਨੀਤਿਕ ਟੀਚੇ ਬਾਰੇ ਤੁਹਾਡਾ ਕੀ ਵਿਚਾਰ ਹੈ? ਅਸੀਂ ਆਜ਼ਾਦੀ ਦੀ ਇਸ ਮੰਗ ਨੂੰ ਮਹੱਤਵ ਦੇ ਹਿਸਾਬ ਨਾਲ ਰੱਦ ਕਰਦੇ ਹਾਂ। ਮੇਰੀ ਰਾਏ ਵਿੱਚ, ਦੇਸ਼ ਦੀ ਮੌਜੂਦਾ ਸਥਿਤੀ ਵਿੱਚ, ਇਹ ਵਿਨਾਸ਼ਕਾਰੀ, ਮੰਦਭਾਗਾ ਅਤੇ ਅਸੰਭਵ ਹੋਵੇਗਾ। ਲੋਕ ਦੇਸ਼ ਦੇ ਆਜ਼ਾਦ ਹੋਣ ਦੇ ਖ਼ਤਰੇ ਦਾ ਸਾਹਮਣਾ ਉਦੋਂ ਹੀ ਕਰ ਸਕਦੇ ਹਨ ਜਦੋਂ ਉਹ ਇੱਕ ਦੇਸ਼, ਇੱਕ ਸੰਵਿਧਾਨ ਅਤੇ ਇੱਕ ਕਿਸਮਤ ਦੀ ਭਾਵਨਾ ਨਾਲ ਬੰਨ੍ਹੇ ਅਤੇ ਜੁੜੇ ਹੋਏ ਹੋਣਗੇ। ਕੋਈ ਵੀ ਇਸ ਸੱਚਾਈ ਤੋਂ ਇਨਕਾਰ ਨਹੀਂ ਕਰਦਾ ਕਿ "ਅਸੀਂ ਇਸ ਸਥਿਤੀ ਤੋਂ ਮੀਲ ਦੂਰ ਹਾਂ"। ਇੱਕ ਬ੍ਰਿਟਿਸ਼ ਪ੍ਰਭੂਸੱਤਾ ਸੰਪੰਨ ਸਰਕਾਰ ਦਾ ਟੀਚਾ ਮੈਨੂੰ ਬਿਹਤਰ ਲੱਗਦਾ ਹੈ ਕਿਉਂਕਿ ਇਸ ਵਿੱਚ ਆਜ਼ਾਦੀ ਹੈ ਪਰ ਪੂਰੀ ਆਜ਼ਾਦੀ ਨਾਲ ਜੁੜੇ ਕੋਈ ਖ਼ਤਰੇ ਨਹੀਂ ਹਨ। ਇਸ ਲਈ, ਸਾਨੂੰ ਕਾਂਗਰਸ ਦੀ ਆਜ਼ਾਦੀ ਦੀ ਮੰਗ ਦਾ ਸਮਰਥਨ ਨਹੀਂ ਕਰਨਾ ਚਾਹੀਦਾ ਕਿਉਂਕਿ ਬਹੁਤ ਸਾਰੇ ਕਾਂਗਰਸੀਆਂ ਨੂੰ ਵੀ ਇਸ ਬਾਰੇ ਸ਼ੱਕ ਹੈ।

24. ਪਰ ਅਸੀਂ ਡੋਮੀਨੀਅਨ ਸਟੇਟਸ ਬਾਰੇ ਕੀ ਕਹੀਏ, ਕਿਉਂਕਿ ਇਹ ਸਿਰਫ਼ "ਸਵਰਾਜ" ਹੈ, ਇੱਕ ਹੋਰ ਅਰਥ ਵਿੱਚ? ਕੀ ਇਸ ਵਿੱਚ ਲੋਕਾਂ ਦੀ ਸਰਕਾਰ, ਲੋਕਾਂ ਲਈ ਸਰਕਾਰ ਅਤੇ ਲੋਕਾਂ ਦੁਆਰਾ ਸਰਕਾਰ ਦਾ ਤੱਤ ਹੈ? ਸਾਨੂੰ ਇਸ ਬਾਰੇ ਫੈਸਲਾ ਲੈਣ ਤੋਂ ਪਹਿਲਾਂ ਸੋਚਣਾ ਪਵੇਗਾ। ਬਿਨਾਂ ਸ਼ੱਕ ਅੰਗਰੇਜ਼ਾਂ ਦਾ ਭਾਰਤ ਵਿੱਚ ਆਉਣਾ ਭਾਰਤ ਦੇ ਲੋਕਾਂ ਲਈ ਇੱਕ ਵਰਦਾਨ ਰਿਹਾ ਹੈ। ਮੈਨੂੰ ਸ਼ੱਕ ਹੈ ਕਿ ਇਸ ਬ੍ਰਹਮ ਭਾਗਸ਼ਾਲੀ ਮੇਲ ਤੋਂ ਬਿਨਾਂ ਇੰਨੀ ਜਲਦੀ ਅਤੇ ਇੰਨੀ ਮਹਾਨ ਬੌਧਿਕ ਜਾਗ੍ਰਿਤੀ ਸੰਭਵ ਨਹੀਂ ਹੁੰਦੀ। ਭਾਰਤੀ ਸਮਾਜ ਕਦੇ ਵੀ ਆਪਣੇ ਸਮਾਜਿਕ ਰੀਤੀ-ਰਿਵਾਜਾਂ 'ਤੇ ਇੰਨਾ ਪਛਤਾਵਾ ਅਤੇ ਸ਼ਰਮ ਮਹਿਸੂਸ ਨਹੀਂ ਕਰਦਾ ਜੋ ਇਸਨੇ ਧਾਰਮਿਕਤਾ ਦੇ ਕੋਡ ਵਜੋਂ ਅਪਣਾਏ ਸਨ ਜੇਕਰ ਇਹ ਯੂਰਪੀਅਨ ਸਭਿਅਤਾ ਦੇ ਸੰਪਰਕ ਵਿੱਚ ਨਾ ਆਇਆ ਹੁੰਦਾ, ਕਿਉਂਕਿ ਯੂਰਪੀਅਨ ਸਭਿਅਤਾ ਦੇ ਆਮ ਵਿਚਾਰਾਂ ਦਾ ਆਧਾਰ ਆਜ਼ਾਦੀ, ਸਮਾਨਤਾ ਅਤੇ ਭਾਈਚਾਰਾ ਹੈ। ਇਹ ਦੋ ਸਭਿਅਤਾਵਾਂ ਦਾ ਜੀਵਤ ਸੰਪਰਕ ਸੀ ਜਿਸ ਨੇ ਬੇਰਹਿਮ ਅਸਮਾਨਤਾ ਨੂੰ ਭਾਰਤ ਨੂੰ ਆਪਣੇ ਸਮਾਜਿਕ ਮੁੱਲਾਂ ਦਾ ਮੁੜ ਮੁਲਾਂਕਣ ਕਰਨ ਅਤੇ ਬਹੁਤ ਸਾਰੇ ਸਮਾਜਿਕ ਰੀਤੀ-ਰਿਵਾਜਾਂ ਦੀਆਂ ਸਮਾਜਿਕ ਵਧੀਕੀਆਂ ਜਾਂ ਗਲਤੀਆਂ ਨੂੰ ਸਵੀਕਾਰ ਕਰਨ ਲਈ ਮਜਬੂਰ ਕੀਤਾ। ਇਸਨੇ ਭਾਰਤ ਨੂੰ ਵਿਕਾਸ ਦੇ ਰਾਹ 'ਤੇ ਇੱਕ ਪੁਨਰ ਜਨਮ ਦਿੱਤਾ ਜੋ ਕਿ ਹੋਰ ਸੰਭਵ ਨਹੀਂ ਹੁੰਦਾ। ਭਾਰਤ ਨੂੰ ਇੱਕ ਆਮ ਸਰਕਾਰੀ ਪ੍ਰਣਾਲੀ ਅਤੇ ਆਮ ਕਾਨੂੰਨ ਵਿਵਸਥਾ ਮਿਲੀ, ਜਿਸ ਨਾਲ ਉਨ੍ਹਾਂ ਮਹਾਨ ਮੌਕਿਆਂ ਅਤੇ ਲਾਭਾਂ ਦਾ ਲਾਭ ਹੋਇਆ ਜੋ ਅੰਗਰੇਜ਼ਾਂ ਦੇ ਭਾਰਤ ਵਿੱਚ ਆਉਣ ਤੋਂ ਬਿਨਾਂ ਅਸੰਭਵ ਸਨ। ਦੇਸ਼ ਦੇ ਹਿੱਤ ਵਿੱਚ ਅਸਾਧਾਰਨ ਭੂਮਿਕਾ ਨਿਭਾਉਣ ਵਾਲੇ ਇਹ ਦੋਵੇਂ ਸਾਧਨ ਮਾਮੂਲੀ ਪ੍ਰਾਪਤੀ ਨਹੀਂ ਮੰਨੇ ਜਾ ਸਕਦੇ। ਭਾਰਤ ਲਈ ਇਨ੍ਹਾਂ ਦੀ ਮਹੱਤਤਾ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ। ਇਨ੍ਹਾਂ ਸਾਧਨਾਂ ਨੇ ਭਾਰਤੀ ਰਾਸ਼ਟਰਵਾਦ ਦੀਆਂ ਜੜ੍ਹਾਂ ਨੂੰ ਡੂੰਘੀਆਂ ਜੜ੍ਹਾਂ ਫੜਨ ਲਈ ਪਿਛੋਕੜ ਤਿਆਰ ਕੀਤਾ ਅਤੇ ਇੱਕ ਸਥਿਰ ਸਰਕਾਰ ਦੀ ਨੀਂਹ ਰੱਖੀ। ਇਹ ਨਹੀਂ ਕਿਹਾ ਜਾ ਸਕਦਾ ਕਿ ਉਨ੍ਹਾਂ ਨੂੰ ਦੇਸ਼ ਦੀ ਪਰਵਾਹ ਨਹੀਂ ਸੀ, ਕਿਉਂਕਿ ਉਨ੍ਹਾਂ ਨੇ ਆਧੁਨਿਕ ਸਭਿਅਤਾ ਲਿਆਉਣ ਲਈ ਮੁਦਰਾ, ਸੜਕਾਂ, ਨਹਿਰਾਂ, ਰੇਲਵੇ ਅਤੇ ਡਾਕ ਸੇਵਾਵਾਂ ਵਰਗੇ ਸਾਧਨ ਪ੍ਰਦਾਨ ਕੀਤੇ।

25. ਇਹ ਸਭ ਸੱਚ ਹੈ। ਪਰ ਸਵਾਲ ਇਹ ਹੈ ਕਿ ਅਸੀਂ ਇਸਦੀ ਕੀ ਕੀਮਤ ਚੁਕਾਈ ਹੈ? ਇਸ ਵਿੱਚ ਕੋਈ ਸ਼ੱਕ ਨਹੀਂ ਕਿ ਬ੍ਰਿਟਿਸ਼ ਸ਼ਾਸਨ ਅਧੀਨ ਭਾਰਤੀ ਨਸਲ ਨੂੰ ਨੀਵਾਂ ਦਿਖਾਇਆ ਜਾ ਰਿਹਾ ਹੈ। ਸਵਰਗੀ ਸ਼੍ਰੀ ਗੋਖਲੇ ਦੇ ਸ਼ਬਦਾਂ ਵਿੱਚ, "ਸਾਡੀ ਜ਼ਿੰਦਗੀ ਦੇ ਹਰ ਦਿਨ ਸਾਨੂੰ ਮਾਮੂਲੀ ਮਹਿਸੂਸ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ ਅਤੇ ਸਾਡੇ ਵਿੱਚੋਂ ਜੋ ਲੰਬੇ ਹਨ, ਉਨ੍ਹਾਂ ਨੂੰ ਝੁਕਣ ਲਈ ਮਜਬੂਰ ਕੀਤਾ ਜਾਂਦਾ ਹੈ। ਕੋਈ ਵੀ ਭਾਰਤੀ ਹੋਣ ਦਾ ਮਾਣ ਮਹਿਸੂਸ ਨਹੀਂ ਕਰ ਸਕਦਾ ਜੋ ਕਿ ਇੱਕ ਸਵੈ-ਸ਼ਾਸਨ ਵਾਲੇ ਦੇਸ਼ ਦੇ ਨਾਗਰਿਕਾਂ ਲਈ ਉੱਚਾਈ ਦਾ ਸਰੋਤ ਹੈ। ਤੁਸੀਂ "ਸਵਰਾਜ" ਦੀ ਮੰਗ ਨਾਲ ਜੁੜੇ ਨੈਤਿਕ ਕਾਰਨਾਂ ਤੋਂ ਬਹੁਤ ਪ੍ਰਭਾਵਿਤ ਨਹੀਂ ਹੋ ਸਕਦੇ ਹੋ ਅਤੇ ਜਦੋਂ ਤੁਸੀਂ ਕਿਸੇ ਮਹਾਂਪੁਰਸ਼ ਨੂੰ "ਸਵਰਾਜ" ਦੀ ਮੰਗ ਨਾਲ ਜੁੜੇ ਨੈਤਿਕ ਕਾਰਨਾਂ ਤੋਂ ਵੱਧ ਭਾਸ਼ਣ ਦਿੰਦੇ ਸੁਣਦੇ ਹੋ ਤਾਂ ਤੁਸੀਂ ਆਪਣੇ ਆਪ ਨੂੰ ਮੁਸਕਰਾਉਂਦੇ ਹੋ ਕਿਉਂਕਿ ਸ਼ਾਇਦ ਇਹ ਤੁਹਾਨੂੰ ਧਾਰਮਿਕ ਕਿਤਾਬਾਂ ਪੜ੍ਹਦੇ ਹੋਏ ਇੱਕ ਸ਼ੈਤਾਨ ਦੀ ਦਿਖਾਵੇ ਵਾਲੀ ਯਾਦ ਦੀ ਯਾਦ ਦਿਵਾਉਂਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਜਨਤਾ ਦਾ ਹਰ ਵਿਅਕਤੀ ਬ੍ਰਿਟਿਸ਼ ਸ਼ਾਸਨ ਲਈ ਭਾਰੀ ਕੀਮਤ ਅਦਾ ਕਰ ਰਿਹਾ ਹੈ। ਇਹ ਦੁਨੀਆ ਦੀ ਸਭ ਤੋਂ ਮਹਿੰਗੀ

"ਇਕੁਐਲਿਟੀ ਐਂਡ ਜਸਟਿਸ"
"Equality and Justice" ਸਵਤੰਤਰਤਾ, ਸਮਾਨਤਾ, ਭਾਈਚਾਰਾ
Rs- 100/month

ਸਰਕਾਰ ਹੈ। ਤੁਸੀਂ ਇਸ ਕਥਨ ਨਾਲ ਸਹਿਮਤ ਨਹੀਂ ਹੋ ਸਕਦੇ ਕਿਉਂਕਿ ਇਸ ਦੇਸ਼ ਵਿੱਚ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਕਿਸੇ ਵੀ ਪੈਸੇ ਦੀ ਲੋੜ ਨਹੀਂ ਹੈ। ਪਰ ਲੋਕਾਂ ਦੀ ਗਰੀਬੀ ਦਾ ਮਾਮਲਾ ਤੁਹਾਨੂੰ ਜ਼ਰੂਰ ਪਸੰਦ ਆਵੇਗਾ। ਕੀ ਦੁਨੀਆ ਵਿੱਚ ਕੋਈ ਅਜਿਹਾ ਦੇਸ਼ ਹੈ ਜਿੱਥੇ ਆਬਾਦੀ ਭਾਰਤੀ ਆਬਾਦੀ ਜਿੰਨੀ ਗਰੀਬ ਹੈ? ਪਹਿਲੀ ਤਿਮਾਹੀ ਵਿੱਚ ਆਏ ਅਕਾਲ ਵਿੱਚ ਲਗਭਗ 10 ਲੱਖ ਜਾਨਾਂ ਗਈਆਂ ਸਨ 19ਵੀਂ ਸਦੀ। ਇਸੇ ਤਰ੍ਹਾਂ, 19ਵੀਂ ਸਦੀ ਦੀ ਦੂਜੀ, ਤੀਜੀ ਅਤੇ ਆਖਰੀ ਤਿਮਾਹੀ ਵਿੱਚ, ਅਕਾਲ ਦੇ ਪੀੜਤਾਂ ਦੀ ਅਨੁਮਾਨਿਤ ਮੌਤ ਦੀ ਗਿਣਤੀ ਕ੍ਰਮਵਾਰ 4 ਲੱਖ, 50 ਲੱਖ ਅਤੇ 1.5 ਕਰੋੜ ਤੋਂ 2.6 ਕਰੋੜ ਸੀ। ਇਸ ਵਿੱਚ ਬੇਰੁਜ਼ਗਾਰਾਂ ਦੀ ਗਿਣਤੀ ਸ਼ਾਮਲ ਨਹੀਂ ਹੈ, ਜੋ ਕਿ ਇੱਕ ਸਾਲ ਵਿੱਚ 60 ਲੱਖ ਤੋਂ ਵੱਧ ਸੀ, ਜਿਨ੍ਹਾਂ ਨੂੰ "ਬੇਰੁਜ਼ਗਾਰਾਂ ਨੂੰ ਸਰਕਾਰੀ ਭੱਤਾ" ਦੇ ਨਾਮ 'ਤੇ ਮੁੱਠੀ ਭਰ ਅਨਾਜ ਦੇ ਕੇ ਜ਼ਿੰਦਾ ਰੱਖਿਆ ਗਿਆ ਸੀ। ਦੋਸਤੋ, ਇਸ ਸਭ ਦਾ ਕਾਰਨ ਕੀ ਸੀ? ਸਰਲ ਸ਼ਬਦਾਂ ਵਿੱਚ, ਇਹ ਇਸ ਦੇਸ਼ ਦੀ ਸਰਕਾਰ ਦੀ ਇੱਛਾ ਅਤੇ ਸੋਚੀ ਸਮਝੀ ਨੀਤੀ ਦੇ ਅਨੁਸਾਰ ਸੀ। ਬ੍ਰਿਟਿਸ਼ ਸਰਕਾਰ ਦਾ ਉਦੇਸ਼ ਹਮੇਸ਼ਾ ਇਸ ਦੇਸ਼ ਦੇ ਵਪਾਰ ਅਤੇ ਉਦਯੋਗ ਦੇ ਵਿਕਾਸ ਨੂੰ ਨਿਰਾਸ਼ ਕਰਨਾ ਰਿਹਾ ਹੈ। ਇਹ ਸਿਰਫ਼ ਅਨੁਮਾਨਾਂ 'ਤੇ ਅਧਾਰਤ ਦੋਸ਼ ਨਹੀਂ ਹੈ। ਇਹ ਬ੍ਰਿਟਿਸ਼ ਸਰਕਾਰ ਦਾ ਇੱਕ ਸਰਵਵਿਆਪੀ ਤੌਰ 'ਤੇ ਪ੍ਰਵਾਨਿਤ ਸਿਧਾਂਤ ਰਿਹਾ ਹੈ ਕਿ ਭਾਰਤ ਨੂੰ ਇਸ ਤਰੀਕੇ ਨਾਲ ਸ਼ਾਸਨ ਕੀਤਾ ਜਾਣਾ ਚਾਹੀਦਾ ਹੈ ਕਿ ਭਾਰਤ ਬ੍ਰਿਟਿਸ਼ ਵਸਤੂਆਂ ਲਈ ਇੱਕ ਖੁੱਲ੍ਹਾ ਬਾਜ਼ਾਰ ਬਣਿਆ ਰਹੇ। ਇਸ ਨੀਤੀ ਨੂੰ ਲਾਗੂ ਕਰਨ ਨਾਲ ਭਾਰਤ ਇੱਕ ਸਥਾਈ ਤੌਰ 'ਤੇ ਗਰੀਬ ਦੇਸ਼ ਬਣ ਗਿਆ ਹੈ। ਭਾਰਤੀਆਂ ਵਿੱਚ ਇਸ ਹੌਲੀ-ਹੌਲੀ ਵਧਦੀ ਗਰੀਬੀ ਵਿੱਚ ਸਭ ਤੋਂ ਵੱਧ ਪੀੜਤ ਲੋਕ ਕੌਣ ਹਨ? ਮੈਂ ਵਿਸ਼ਵਾਸ ਨਾਲ ਕਹਿ ਸਕਦਾ ਹਾਂ ਕਿ ਇਹਨਾਂ ਵਿੱਚੋਂ ਖੇਤੀਬਾੜੀ ਨਾਲ ਜੁੜੀ ਅੱਧੀ ਆਬਾਦੀ ਜੋ ਸਾਲ ਵਿੱਚ ਛੇ ਮਹੀਨੇ ਵੀ ਪੂਰਾ ਭੋਜਨ ਨਹੀਂ ਲੈਂਦੀ, ਉਨ੍ਹਾਂ ਵਿੱਚੋਂ ਸਭ ਤੋਂ ਵੱਧ ਲੋਕ ਦਲਿਤ ਵਰਗ ਦੇ ਹਨ। ਆਪਣੀ ਅਤਿ ਗਰੀਬੀ ਕਾਰਨ, ਅਕਾਲ ਕਾਰਨ ਮਰਨ ਵਾਲਿਆਂ ਦੀ ਗਿਣਤੀ ਵੀ ਉਨ੍ਹਾਂ ਵਿੱਚੋਂ ਸਭ ਤੋਂ ਵੱਧ ਹੈ। ਜੇ ਇਹ ਤੁਹਾਡੇ ਲੋਕ ਹਨ ਅਤੇ ਤੁਸੀਂ ਦਲਿਤ ਭਾਈਚਾਰੇ ਦਾ ਹਿੱਸਾ ਹੋ, ਤਾਂ ਉਹ ਅਜਿਹਾ ਕਿਉਂ ਨਹੀਂ ਕਰ ਸਕਦੇ? ਜੇ ਤੁਸੀਂ ਉਨ੍ਹਾਂ ਦੇ ਸ਼ੁਭਚਿੰਤਕ ਹੋ ਤਾਂ ਤੁਸੀਂ ਉਨ੍ਹਾਂ ਵੱਲ ਆਪਣੀਆਂ ਅੱਖਾਂ ਬੰਦ ਕਰਕੇ ਉਨ੍ਹਾਂ ਦੀ ਤਰਸਯੋਗ ਹਾਲਤ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੇ।

**ਲੇਖ ਦਾ ਬਾਕੀ ਭਾਗ ਕਲ.....**

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਜੂਨ
INTERNATIONAL PAPER, 94636 01616
hardipchumber57@gmail.com

# ਸਭਿਅਤਾ ਜਾਂ ਘੋਰ ਅਸਭਿਅਤਾ

ਬਾਬਾ ਸਾਹਿਬ ਡਾ. ਅੰਬੇਡਕਰ

ਲੜੀ ਵਾਰ ਭਾਗ ਪੰਜਵਾਂ

ਇਹ 79.5 ਮਿਲੀਅਨ ਲੋਕਾਂ ਦੀ ਹਾਲਤ ਹੈ। ਇਨ੍ਹਾਂ ਜ਼ਿੰਦਾ, ਜੇ ਮਰੇ ਨਹੀਂ, ਤਾਂ ਜੀਵਾਂ ਦੀ ਸਮੱਸਿਆ ਕੋਈ ਮਾਮੂਲੀ ਸਮੱਸਿਆ ਨਹੀਂ ਹੈ। ਇਨ੍ਹਾਂ ਤਿੰਨਾਂ ਵਰਗਾਂ ਦੀ ਕੁੱਲ ਗਿਣਤੀ ਅਮਰੀਕਾ ਦੀ ਆਬਾਦੀ ਦੇ 60 ਪ੍ਰਤੀਸ਼ਤ ਤੋਂ ਵੱਧ ਹੈ ਅਤੇ ਬ੍ਰਿਟਿਸ਼ ਸਾਮਰਾਜ ਦੀ ਗੋਰੀ ਆਬਾਦੀ ਨਾਲੋਂ 9.5 ਮਿਲੀਅਨ ਵੱਧ ਹੈ। ਇਹ ਇਟਲੀ ਦੀ ਆਬਾਦੀ ਨਾਲੋਂ 37 ਮਿਲੀਅਨ ਵੱਧ ਹੈ। ਇਹ ਜਰਮਨੀ ਦੀ ਆਬਾਦੀ ਨਾਲੋਂ 13.5 ਮਿਲੀਅਨ ਵੱਧ ਹੈ ਅਤੇ ਫਰਾਂਸ ਦੀ ਆਬਾਦੀ ਨਾਲੋਂ 37.5 ਮਿਲੀਅਨ ਵੱਧ ਹੈ। ਇਹ ਬੈਲਜੀਅਮ ਦੀ ਆਬਾਦੀ ਦਾ ਦਸ ਗੁਣਾ ਅਤੇ ਡੈਨਮਾਰਕ ਦੀ ਆਬਾਦੀ ਦਾ ਵੀਹ ਗੁਣਾ ਹੈ। ਬਦਕਿਸਮਤ ਦਲਿਤ ਮਨੁੱਖਾਂ ਦੀ ਇਹ ਗਿਣਤੀ ਕਿੰਨੀ ਵੱਡੀ ਹੈ? III

ਇਸ ਕਹਾਣੀ ਦਾ ਦੁਖਦਾਈ ਜਾਂ ਪਰੇਸ਼ਾਨ ਕਰਨ ਵਾਲਾ ਪਹਿਲੂ ਇਹ ਹੈ ਕਿ ਕੀ ਇਨ੍ਹਾਂ ਬਦਕਿਸਮਤ ਮਨੁੱਖਾਂ ਦੀ ਹਾਲਤ ਉਸੇ ਤਰ੍ਹਾਂ ਹੋਣੀ ਚਾਹੀਦੀ ਹੈ, ਜਦੋਂ ਉਹ ਇੱਕ ਉੱਚ ਸਭਿਅਤਾ ਦੇ ਵਿਚਕਾਰ ਰਹਿੰਦੇ ਅਤੇ ਵੱਡੇ ਹੋਏ ਹਨ। ਬੇਸ਼ੱਕ, ਹਰ ਨਿਰਪੱਖ ਵਿਅਕਤੀ ਦੀ ਪ੍ਰਤੀਕਿਰਿਆ ਇਹ ਹੁੰਦੀ ਹੈ ਕਿ ਅਜਿਹੀ ਸਭਿਅਤਾ ਵਿੱਚ ਕੋਈ ਵੱਡੀ ਬੁਨਿਆਦੀ ਵਿਗਾੜ ਜ਼ਰੂਰ ਹੋਵੇਗਾ, ਜਿਸ ਕਾਰਨ ਇਹ ਇਨ੍ਹਾਂ 79.5 ਮਿਲੀਅਨ ਜੀਵਾਂ ਨੂੰ ਮਨੁੱਖਤਾ ਦੇ ਪੱਧਰ ਤੱਕ ਉੱਚਾ ਚੁੱਕਣ ਵਿੱਚ ਅਸਫਲ ਰਹੀ ਹੈ।



ਸਭਿਅਤਾ ਇੱਕ ਵਰਦਾਨ ਹੈ। ਇਹ ਮਨੁੱਖ ਅਤੇ ਕੁਦਰਤ, ਕਲਾ ਅਤੇ ਹੁਨਰ ਦੇ ਗਿਆਨ ਦਾ ਇਕੱਠਾ ਭੰਡਾਰ ਹੈ। ਇਹ ਇੱਕ ਨੈਤਿਕ ਸੰਹਿਤਾ ਹੈ, ਜੋ ਮਨੁੱਖ ਦੇ ਆਪਣੇ ਸਾਥੀ ਜੀਵਾਂ ਪ੍ਰਤੀ ਵਿਵਹਾਰ ਨੂੰ ਨਿਯੰਤ੍ਰਿਤ ਕਰਦੀ ਹੈ। ਇਹ ਇੱਕ ਸਮਾਜਿਕ ਸੰਹਿਤਾ ਹੈ, ਜੋ ਹਰੇਕ ਵਿਅਕਤੀ ਦੁਆਰਾ ਪਾਲਣਾ ਕੀਤੇ ਜਾਣ ਵਾਲੇ ਨਿਯਮਾਂ ਅਤੇ ਨਿਯਮਾਂ ਦੀ ਵਿਵਸਥਾ ਕਰਦੀ ਹੈ। ਇਹ ਇੱਕ ਸਿਵਲ ਸੰਹਿਤਾ ਹੈ, ਜੋ ਸ਼ਾਸਕ ਅਤੇ ਸ਼ਾਸਿਤ ਲੋਕਾਂ ਦੇ ਅਧਿਕਾਰਾਂ ਅਤੇ ਕਰਤੱਵਾਂ ਦੀ ਵਿਵਸਥਾ ਕਰਦੀ ਹੈ। ਇਹ ਇੱਕ ਅਧਿਆਤਮਿਕ ਦਰਸ਼ਨ ਹੈ, ਜੋ ਦੁਨਿਆਵੀ ਨੂੰ ਅਲੌਕਿਕ ਨਾਲ ਜੋੜਦਾ ਹੈ। ਸਾਰੀਆਂ ਪ੍ਰਜਾਤੀਆਂ ਨੂੰ ਇਸਨੂੰ ਪੂਰੀ ਤਰ੍ਹਾਂ ਵਿਕਸਤ ਕਰਨ ਦਾ ਸੁਭਾਗ ਨਹੀਂ ਮਿਲਿਆ ਹੈ। ਬਹੁਤ ਸਾਰੀਆਂ ਪ੍ਰਜਾਤੀਆਂ ਉਸੇ ਸਥਿਤੀ ਵਿੱਚ ਹਨ ਜਿੱਥੋਂ ਉਨ੍ਹਾਂ ਦਾ ਵਿਕਾਸ ਸ਼ੁਰੂ ਹੋਇਆ ਸੀ। ਬਹੁਤ ਸਾਰੀਆਂ ਪ੍ਰਜਾਤੀਆਂ ਇੱਕ ਜਾਂ ਦੋ ਕਦਮ ਚੁੱਕਣ ਤੋਂ ਬਾਅਦ ਰੁਕ ਗਈਆਂ। ਦੂਜੀਆਂ ਸਿਰਫ਼ ਚੱਕਰਾਂ ਵਿੱਚ ਘੁੰਮ ਰਹੀਆਂ ਹਨ। ਜਦੋਂ ਸਾਨੂੰ ਕੁਝ ਸਾਲ ਪਹਿਲਾਂ ਆਸਟ੍ਰੇਲੀਆ ਦੇ ਆਦਿਮ ਕਬੀਲਿਆਂ ਅਤੇ ਇਸਦੇ ਆਲੇ ਦੁਆਲੇ ਦੇ ਛੋਟੇ ਅਤੇ ਵੱਡੇ ਟਾਪੂਆਂ ਬਾਰੇ ਪਹਿਲੀ ਵਾਰ ਪਤਾ ਲੱਗਾ, ਤਾਂ ਸਾਨੂੰ ਪਤਾ ਲੱਗਾ ਕਿ ਉਹ ਬੋਲਣ ਅਤੇ ਅੱਗ ਬਾਲਣ ਬਾਰੇ ਥੋੜ੍ਹਾ ਜਾਣਦੇ ਸਨ। ਉਹ ਮੱਧ ਯੁੱਗ ਦੇ ਜੰਗਲੀ ਪੜਾਅ ਤੋਂ ਅੱਗੇ ਨਹੀਂ ਵਧ ਸਕੇ। ਹਡਸਨ ਬੇ ਖੇਤਰ ਦੇ ਆਦਿਮ ਕਬੀਲੇ, ਅਲੀਪਾਸਕੋਸ ਅਤੇ ਕੋਲੰਬੀਆ ਘਾਟੀ ਦੇ ਮੂਲ ਨਿਵਾਸੀ ਤੀਰ-ਕਮਾਨ ਦੇ ਪੜਾਅ ਤੋਂ ਅੱਗੇ ਨਹੀਂ ਵਧ ਸਕੇ। ਉਹ ਭਾਂਡੇ ਬਣਾਉਣ, ਜਾਨਵਰ ਪਾਲਣ ਅਤੇ ਲੋਹਾ ਪਿਘਲਾਉਣ ਬਾਰੇ ਕੁਝ ਨਹੀਂ ਜਾਣਦੇ ਸਨ। ਮਿਸਰ, ਬੇਬੀਲੋਨੀਆ, ਅੱਸ਼ੂਰ ਅਤੇ ਇੱਥੋਂ ਤੱਕ ਕਿ ਰੋਮ ਅਤੇ ਯੂਨਾਨ ਦੀ ਸਭਿਅਤਾ ਸਿਰਫ ਪਰੰਪਰਾ ਦੀਆਂ ਸਭਿਅਤਾਵਾਂ ਹਨ। ਇਨ੍ਹਾਂ ਦੇਸ਼ਾਂ ਵਿੱਚ, ਉਸ ਸਮੇਂ ਦੇ ਮਨੁੱਖ ਨੇ ਉਨ੍ਹਾਂ ਸਾਧਨਾਂ ਦੀ ਵਰਤੋਂ ਵਿੱਚ ਤਰੱਕੀ ਅਤੇ ਸਫਲਤਾ ਪ੍ਰਾਪਤ ਕੀਤੀ ਜੋ ਉਸ ਨੂੰ ਆਦਿਮ ਮਨੁੱਖ ਦੁਆਰਾ ਵਿਰਾਸਤ ਵਿੱਚ ਦਿੱਤੇ ਗਏ ਸਨ ਜਦੋਂ ਉਹ ਜੰਗਲੀ ਅਵਸਥਾ ਵਿੱਚ ਸੀ ਅਤੇ ਇਨ੍ਹਾਂ ਦੇ ਵੇਰਵੇ ਉਨ੍ਹਾਂ ਦੀ ਸਭਿਅਤਾ ਦੇ ਇਤਿਹਾਸ ਵਿੱਚ ਮਿਲਦੇ ਹਨ। ਉਨ੍ਹਾਂ ਨੇ ਆਪਣੇ ਪੁਰਖਿਆਂ ਤੋਂ ਪ੍ਰਾਪਤ ਸਭਿਅਤਾ ਵਿੱਚ ਅਜਿਹੀ ਕੋਈ ਤਰੱਕੀ ਨਹੀਂ ਕੀਤੀ ਜਿਸਨੂੰ ਇਨਕਲਾਬੀ ਕਿਹਾ ਜਾ ਸਕੇ। ਉਨ੍ਹਾਂ ਨੇ ਸਿਰਫ ਇਸ ਹੱਦ ਤੱਕ ਤਰੱਕੀ ਕੀਤੀ ਕਿ ਉਨ੍ਹਾਂ ਦੇ ਪੁਰਖੇ ਜੋ ਬੇਢੰਗੇ ਢੰਗ ਨਾਲ ਕਰਦੇ ਸਨ, ਉਹ ਇਸਨੂੰ ਬਿਹਤਰ ਢੰਗ ਨਾਲ ਕਰਨ ਲੱਗ ਪਏ। ਇਹ ਤਰੱਕੀ ਇੱਕ ਪੜਾਅ ਤੋਂ ਦੂਜੇ ਪੜਾਅ ਤੱਕ ਤੇਜ਼ੀ ਨਾਲ ਨਹੀਂ ਹੋਈ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਮਨੁੱਖ ਦੁਆਰਾ 'ਵਹਿਸ਼ੀ' ਕਹਾਉਣ ਲਈ ਲੋੜੀਂਦੀ ਤਰੱਕੀ ਕਰਨ ਤੋਂ ਪਹਿਲਾਂ, ਉਹ ਕਈ ਯੁੱਗਾਂ ਤੱਕ ਜੰਗਲੀ ਰਿਹਾ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਮਨੁੱਖ ਸਭਿਅਤਾ ਦੇ ਸਭ ਤੋਂ ਹੇਠਲੇ ਪੜਾਅ ਦੇ ਆਖਰੀ ਸਿਖਰ 'ਤੇ ਪਹੁੰਚਣ ਤੋਂ ਪਹਿਲਾਂ, ਬਰਬਰਤਾ ਦੇ ਕਈ ਹੋਰ ਯੁੱਗ ਬੀਤ ਗਏ। ਇਹਨਾਂ ਲਗਾਤਾਰ ਯੁੱਗਾਂ ਦੀ ਸਹੀ ਮਿਆਦ ਦਾ ਅੰਦਾਜ਼ਾ ਹੀ ਲਗਾਇਆ ਜਾ ਸਕਦਾ ਹੈ, ਪਰ ਇਹ ਸੁਰੱਖਿਅਤ ਢੰਗ ਨਾਲ ਮੰਨਿਆ ਜਾ ਸਕਦਾ ਹੈ ਕਿ ਇਹ ਸਮਾਂ ਇੱਕ ਲੱਖ ਸਾਲ ਰਿਹਾ ਹੋਵੇਗਾ।

# ਕਿਵੇਂ ਆਰਟੀਫਿਸ਼ੀਅਲ ਇੰਟੈਲੀਜੈਂਸ ਪੰਜਾਬੀ ਭਾਸ਼ਾ ਨੂੰ ਨਵੀਂ ਉਚਾਈਆਂ ਤੇ ਲੈ ਜਾ ਰਿਹਾ ਹੈ?

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਜੂਨ
INTERNATIONAL PAPER, 94636 01616
hardipchumber57@gmail.com

ਭਾਸ਼ਾਵਾਂ ਸਿਰਫ਼ ਸੰਚਾਰ ਦੇ ਸਾਧਨ ਨਹੀਂ, ਸਗੋਂ ਇੱਕ ਕੰਮ ਦੀ ਸੰਸਕ੍ਰਿਤਿਕ ਵਿਰਾਸਤ, ਇਤਿਹਾਸ ਅਤੇ ਪਛਾਣ ਦਾ ਸਰੋਤ ਹੁੰਦੀਆਂ ਹਨ। ਪੰਜਾਬੀ, ਜੋ ਕਿ ਲੱਖਾਂ ਲੋਕਾਂ ਦੀ ਮਾਂ-ਬੋਲੀ ਹੈ, ਲੰਮੇ ਸਮੇਂ ਤੋਂ ਆਪਣੀ ਮਿੱਠਾਸ, ਸਾਹਿਤਕ ਧਰੋਹਰ ਅਤੇ ਲੋਕਸਭਿਆਚਾਰ ਲਈ ਜਾਣੀ ਜਾਂਦੀ ਹੈ। ਪਰ, ਡਿਜ਼ੀਟਲ ਯੁੱਗ ਵਿੱਚ ਇਸ ਦੀ ਪਹੁੰਚ ਨੂੰ ਨਵੀਨਤਮ ਤਕਨਾਲੋਜੀ ਨਾਲ ਜੋੜਨਾ ਲਾਜ਼ਮੀ ਹੋ ਗਿਆ ਸੀ। ਇਸ ਤਹਿਤ, ਆਰਟੀਫਿਸ਼ੀਅਲ ਇੰਟੈਲੀਜੈਂਸ ਨੇ ਇੱਕ ਇਨਕਲਾਬੀ ਕਦਮ ਵਜੋਂ ਪੰਜਾਬੀ ਭਾਸ਼ਾ ਨੂੰ ਨਵੀਆਂ ਉਚਾਈਆਂ 'ਤੇ ਪਹੁੰਚਾਉਣ ਦਾ ਕੰਮ ਕੀਤਾ ਹੈ। ਪਿਛਲੇ ਕੁਝ ਦਹਾਕਿਆਂ ਵਿੱਚ, ਪੰਜਾਬ ਦੀ ਡਿਜ਼ੀਟਲ ਉਪਸਥਿਤੀ ਹੌਲੀ-ਹੌਲੀ ਵਧੀ। ਸ਼ੁਰੂਆਤੀ ਦੌਰ ਵਿੱਚ, ਗੁਰਮੁਖੀ ਲਿਪੀ ਵਿੱਚ ਫੌਂਟ ਤੇ ਟਾਈਪਿੰਗ ਸਿਸਟਮ ਬਣਾਉਣ ਤੋਂ ਲੈ ਕੇ, ਪੰਜਾਬੀ ਵਿਕੀਪੀਡੀਆ ਅਤੇ ਈ-ਕਿਤਾਬਾਂ ਤੱਕ ਸਾਰੀਆਂ ਕੋਸ਼ਿਸ਼ਾਂ ਰੂਪ ਲੈ ਚੁੱਕੀਆਂ ਸਨ। ਪਰ, ਇਹ ਸਭ ਉਪਰਾਲੇ ਸਿਰਫ ਮੈਨੂਅਲ ਕਿਰਿਆਵਾਂ 'ਤੇ ਅਧਾਰਿਤ ਸਨ। ਇੱਥੇ ਆਰਟੀਫਿਸ਼ੀਅਲ ਇੰਟੈਲੀਜੈਂਸ ਨੇ ਨਵੀਂ ਦਿਸ਼ਾ ਦਿੱਤੀ। ਆਰਟੀਫਿਸ਼ੀਅਲ ਇੰਟੈਲੀਜੈਂਸ ਦੀ ਮਦਦ ਨਾਲ ਪੰਜਾਬੀ ਭਾਸ਼ਾ ਨੂੰ ਜਿਵੇਂ ਨਵਾਂ ਜੀਵਨ ਮਿਲ ਗਿਆ ਹੋਵੇ। ਹੁਣ ਪੰਜਾਬੀ ਟੈਕਸਟ ਨੂੰ ਆਸਾਨੀ ਨਾਲ ਹੋਰ ਭਾਸ਼ਾਵਾਂ ਵਿੱਚ ਤਰਜਮਾ ਕੀਤਾ ਜਾ ਸਕਦਾ ਹੈ। ਗੂਗਲ ਟ੍ਰਾਂਸਲੇਟ, ਡੀਪਐਲ, ਅਤੇ ਹੋਰ ਅਨੁਵਾਦ ਟੂਲ ਹੁਣ ਪੰਜਾਬੀ ਨੂੰ ਆਪਣੀ ਸਹਿਯੋਗੀ ਭਾਸ਼ਾ ਵਜੋਂ ਮਾਣਤਾ ਦੇ ਰਹੇ ਹਨ।

ਚੈਟਜੀਪੀਟੀ ਵਰਗੇ ਜਨਰੇਟਿਵ ਆਰਟੀਫਿਸ਼ੀਅਲ ਇੰਟੈਲੀਜੈਂਸ ਮਾਡਲ ਜਦੋਂ ਪੰਜਾਬੀ ਵਿਚ ਗੱਲ ਕਰਦੇ ਹਨ, ਤਾਂ ਇੱਕ ਆਮ ਵਰਤੋਂਕਾਰ ਨੂੰ ਆਪਣੇ ਰੋਜ਼ਾਨਾ ਦੇ ਕੰਮਾਂ ਵਿੱਚ ਅਸਾਨੀ ਮਿਲਦੀ ਹੈ। ਉਦਾਹਰਨ ਵਜੋਂ, ਕਿਸੇ ਕਿਸਾਨ ਨੂੰ ਜੇ ਮੌਸਮ ਦੀ ਜਾਣਕਾਰੀ, ਖੇਤੀਬਾੜੀ ਸੰਬੰਧੀ ਸੁਝਾਵ ਜਾਂ ਸਰਕਾਰੀ ਸਕੀਮਾਂ ਬਾਰੇ ਜਾਣਕਾਰੀ ਪੰਜਾਬੀ ਵਿੱਚ ਆਵਾਜ਼ ਰਾਹੀਂ ਮਿਲ ਜਾਵੇ, ਤਾਂ ਇਹ ਆਰਟੀਫਿਸ਼ੀਅਲ ਇੰਟੈਲੀਜੈਂਸ ਦੀ ਬੜੀ ਜਿੱਤ ਹੋਵੇਗੀ। ਪੰਜਾਬੀ ਭਾਸ਼ਾ ਸਿੱਖਣ ਵਾਲਿਆਂ ਲਈ ਆਰਟੀਫਿਸ਼ੀਅਲ ਇੰਟੈਲੀਜੈਂਸ ਨੇ

ਇੱਕ ਨਵੀਂ ਦੁਨੀਆ ਖੋਲ੍ਹ ਦਿੱਤੀ ਹੈ। ਹੁਣ ਐਸੇ ਐਪ ਬਣ ਰਹੇ ਹਨ ਜੋ ਗੁਰਮੁਖੀ ਲਿਪੀ ਸਿਖਾਉਂਦੇ ਹਨ, ਉਚਾਰਣ ਚੈੱਕ ਕਰਦੇ ਹਨ, ਅਤੇ ਸੁਨੇਹਾ ਆਧਾਰਿਤ ਪ੍ਰਸ਼ਨ-ਉੱਤਰ ਪ੍ਰਣਾਲੀਆਂ ਰਾਹੀਂ ਸਿੱਖਣ ਦੇ ਤਰੀਕੇ ਨਵੀਂ ਦਿਸ਼ਾ ਲੈ ਰਹੇ ਹਨ। ਆਰਟੀਫਿਸ਼ੀਅਲ ਇੰਟੈਲੀਜੈਂਸ ਦੇ ਅਨੁਵਾਦਕ ਔਜ਼ਾਰ ਸਿਰਫ਼ ਅਨੁਵਾਦ ਨਹੀਂ ਕਰਦੇ, ਸਗੋਂ ਸੰਦਰਭ ਅਨੁਸਾਰ ਸਹੀ ਮਤਲਬ ਲੱਭਣ, ਸਾਰ ਕੱਢਣ ਤੇ ਪੰਜਾਬੀ ਨਾਲ ਸਬੰਧਤ ਸੰਵੇਦਨਸ਼ੀਲ ਭਾਵਾਵਾਂ ਨੂੰ ਵੀ ਸਮਝਦੇ ਹਨ। ਇਸ ਤਰ੍ਹਾਂ, ਅਕਾਦਮਿਕ ਖੇਤਰ, ਅਦਾਲਤੀ ਦਸਤਾਵੇਜ਼, ਤੇ ਸਿਹਤ ਸੰਬੰਧੀ ਮਟਰੀਅਲ ਦੀ ਸਹੀ ਭਾਸ਼ਾਈ ਪਹੁੰਚ ਵਿਸ਼ਾਲ ਹੋ ਰਹੀ ਹੈ। ਆਰਟੀਫਿਸ਼ੀਅਲ ਇੰਟੈਲੀਜੈਂਸ ਅਧਾਰਿਤ ਤਕਨਾਲੋਜੀ ਰਾਹੀਂ ਲੱਖਾਂ ਪੰਜਾਬੀ ਹਸਤਲਿਖਤ ਤੇ ਪੁਰਾਣੀਆਂ ਕਿਤਾਬਾਂ ਨੂੰ ਡਿਜ਼ੀਟਲ ਰੂਪ ਦਿੱਤਾ ਜਾ ਰਿਹਾ ਹੈ। ਇਸ ਨਾਲ ਪੰਜਾਬੀ ਸਾਹਿਤ ਨੂੰ ਸੰਭਾਲ ਕੇ ਅਗਲੀ ਪੀੜ੍ਹੀਆਂ ਤੱਕ ਪਹੁੰਚਾਇਆ ਜਾ ਰਿਹਾ ਹੈ। ਉਦਾਹਰਨ ਵਜੋਂ, ਗੁਰੂ ਗ੍ਰੰਥ ਸਾਹਿਬ ਅਤੇ ਹੋਰ ਧਾਰਮਿਕ ਗ੍ਰੰਥਾਂ ਦੀ ਪਾਠੀ ਵਿਧੀ, ਉਚਾਰਣ, ਅਤੇ ਅਰਥ ਸੰਬੰਧੀ ਆਰਟੀਫਿਸ਼ੀਅਲ ਇੰਟੈਲੀਜੈਂਸ -ਆਧਾਰਿਤ ਸਿਸਟਮ ਤਿਆਰ ਕੀਤੇ ਜਾ ਰਹੇ ਹਨ ਜੋ ਵਿਸ਼ਵ ਭਰ ਵਿੱਚ ਪੰਜਾਬੀ ਵਿਆਖਿਆਕਾਰੀ ਨੂੰ ਆਸਾਨ ਅਤੇ ਸਹੀ ਬਣਾਉਂਦੇ ਹਨ।

ਹਾਲਾਂਕਿ ਵਿਕਾਸ ਦੌਰ ਵਿੱਚ ਕਈ ਚੁਣੌਤੀਆਂ ਵੀ ਸਾਹਮਣੇ ਆ ਰਹੀਆਂ ਹਨ। ਸਭ ਤੋਂ ਵੱਡੀ ਚੁਣੌਤੀ ਭਾਸ਼ਾਈ ਡਾਟਾ ਦੀ ਘਾਟ ਹੈ। ਪੰਜਾਬੀ ਵਿੱਚ ਉਚ ਗੁਣਵੱਤਾ ਵਾਲੇ ਡਾਟਾਸੈਟ, ਕੋਰਪਸ, ਅਤੇ ਲੇਬਲਡ ਡਾਟਾ ਦੀ ਲੋੜ ਹੈ। ਇਸ ਤੋਂ ਇਲਾਵਾ, ਗੁਰਮੁਖੀ ਲਿਪੀ ਦੀ ਵਿਸ਼ੇਸ਼ਤਾ ਅਤੇ ਜਟਿਲਤਾਵਾਂ ਆਰਟੀਫਿਸ਼ੀਅਲ ਇੰਟੈਲੀਜੈਂਸ ਮਾਡਲਾਂ ਲਈ



**ਡਾ. ਗੌਰਵ ਧੀਮਾਨ**
**ਸਹਾਇਕ ਪ੍ਰੋਫੈਸਰ,**
**ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ,**
**ਪਟਿਆਲਾ**

ਇੱਕ ਚੁਣੌਤੀ ਬਣਦੀਆਂ ਹਨ। ਪਰ, ਵਿਗਿਆਨਕਾਂ ਅਤੇ ਡਿਵੈਲਪਰਾਂ ਦੀ ਲਗਾਤਾਰ ਕੋਸ਼ਿਸ਼ਾਂ, ਖੁੱਲ੍ਹੇ ਡਾਟਾ ਉਪਰਾਲੇ ਅਤੇ ਸਰਕਾਰੀ ਯੋਜਨਾਵਾਂ ਰਾਹੀਂ ਇਹ ਰੁਕਾਵਟਾਂ ਹੌਲੇ-ਹੌਲੇ ਦੂਰ ਹੋ ਰਹੀਆਂ ਹਨ। ਆਉਣ ਵਾਲੇ ਸਮੇਂ ਵਿੱਚ ਆਰਟੀਫਿਸ਼ੀਅਲ ਇੰਟੈਲੀਜੈਂਸ ਪੰਜਾਬੀ ਨੂੰ ਸਿਰਫ਼ ਇੱਕ ਖੇਤਰੀ ਭਾਸ਼ਾ ਨਹੀਂ, ਸਗੋਂ ਗਲੋਬਲ ਭਾਸ਼ਾ ਦੇ ਰੂਪ ਵਿੱਚ ਵੀ ਪੇਸ਼ ਕਰ ਸਕਦੀ ਹੈ। ਭਾਸ਼ਾ ਨੂੰ ਆਧੁਨਿਕ ਤਕਨਾਲੋਜੀ ਨਾਲ ਜੋੜ ਕੇ ਨਾ ਸਿਰਫ ਇਸ ਦੀ ਸੰਭਾਲ ਹੋ ਸਕਦੀ ਹੈ, ਸਗੋਂ ਨਵੀਆਂ ਪੀੜ੍ਹੀਆਂ ਲਈ ਇਹ ਇੱਕ ਜਗਮਗਾਉਂਦੀ ਵਿਰਾਸਤ ਵਜੋਂ ਉਭਰ ਸਕਦੀ ਹੈ। ਇਸ ਲਈ, ਜੇ ਅਸੀਂ ਚਾਹੁੰਦੇ ਹਾਂ ਕਿ ਪੰਜਾਬੀ ਦੁਨੀਆ ਭਰ ਵਿੱਚ ਗੂੰਜੇ, ਤਾਂ ਆਰਟੀਫਿਸ਼ੀਅਲ ਇੰਟੈਲੀਜੈਂਸ ਦੇ ਮੰਚ 'ਤੇ ਇਸਨੂੰ ਬੈਠਾ ਦੇਣਾ ਅਸਰਦਾਰ ਕਦਮ ਹੋਵੇਗਾ।

# ਸਰਵਹਿੱਤਕਾਰੀ ਵਿੱਦਿਆ ਮੰਦਰ ਭੀਖੀ ਵਿਖੇ ਐਨ.ਸੀ.ਸੀ ਕੈਂਪ ਵਿੱਚ ਕੀਤਾ ਗਿਆ ਟਰੈਫਿਕ ਨਿਯਮਾਂ ਪ੍ਰਤੀ ਜਾਗਰੂਕ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਜੂਨ
INTERNATIONAL PAPER, 94636 01616
hardipchumber57@gmail.com

ਭੀਖੀ,23 ਜੂਨ (ਕਮਲ ਜਿੰਦਲ)

ਸਰਵਹਿੱਤਕਾਰੀ ਵਿੱਦਿਆ ਮੰਦਰ ਭੀਖੀ ਵਿਖੇ ਭਾਰਤੀ ਫੌਜ ਦੇ ਨੇਵਲ ਯੂਨਿਟ ਵੱਲੋਂ ਦਸ ਰੋਜ਼ਾ ਐਨ.ਸੀ.ਸੀ.ਕੈਂਪ ਦਾ ਆਯੋਜਨ ਕੀਤਾ ਗਿਆ। ਕੈਂਪ ਕਮਾਂਡੈਂਟ ਕੈਪਟਨ ਇਸ਼ਰਾਜ ਸਿੰਘ ਕਮਾਂਡਿੰਗ ਅਫਸਰ 03 ਪੰਜਾਬ ਨੇਵਲ ਯੂਨਿਟ ਬਠਿੰਡਾ ਦੀ ਅਗਵਾਈ ਹੇਠ ਇਹ ਸਿਖਲਾਈ ਕੈਂਪ ਮਿਤੀ 18 ਜੂਨ ਤੋਂ ਮਿਤੀ 27 ਜੂਨ 2025 ਤੱਕ ਸਕੂਲ ਕੈਂਪਸ ਵਿੱਚ ਆਯੋਜਿਤ ਕੀਤਾ ਜਾ ਰਿਹਾ ਹੈ। ਅੱਜ ਮਿਤੀ 22 ਜੂਨ ਨੂੰ ਕੈਂਪ ਦੇ ਪੰਜਵੇਂ ਦਿਨ ਦੇ ਉਦਘਾਟਨੀ ਸਮਾਰੋਹ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਅਸ਼ੀਸ੍ਰੀ ਸੁਰੇਸ਼ ਕੁਮਾਰ ਟਰੈਫਿਕ ਇੰਚਾਰਜ ਮਾਨਸਾ ਨੇ




ਸ਼ਿਰਕਤ ਕੀਤੀ। ਇਸ ਸਮਾਗਮ ਦੀ ਸ਼ੁਰੂਆਤ ਦੀਪ ਜੋਤੀ ਜਲਾ ਕੇ ਅਤੇ ਸਰਸਵਤੀ ਵੰਦਨਾ ਕਰਕੇ ਕੀਤੀ ਗਈ। ਇਸ ਮੌਕੇ ਉੱਤੇ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਸ੍ਰੀ ਸੁਰੇਸ਼ ਕੁਮਾਰ ਨੇ ਕਿਹਾ ਕਿ ਅੱਜ ਦੇ ਤੇਜ਼-ਤਰਾਰ ਜਮਾਨੇ ਵਿੱਚ ਬਹੁਤ ਸਾਰੀਆਂ ਮਨੁੱਖੀ ਜਾਨਾਂ ਸੜਕ ਹਾਦਸਿਆਂ ਵਿੱਚ ਆਜਾਈਂ ਜਾ ਰਹੀਆਂ ਹਨ। ਇਸ ਦਾ ਮੁੱਖ ਕਾਰਨ ਸਾਡਾ ਆਵਾਜਾਈ ਦੇ ਨਿਯਮਾਂ ਪ੍ਰਤੀ ਸੁਚੇਤ ਨਾ ਹੋਣਾ ਹੈ। ਆਵਾਜਾਈ ਦੇ ਨਿਯਮਾਂ ਤੋਂ ਜਾਣੂ ਹੋ ਕੇ ਅਸੀਂ ਅਣਮੁੱਲੀਆਂ ਮਨੁੱਖੀ ਜਾਨਾਂ ਨੂੰ ਬਚਾ ਸਕਦੇ ਹਾਂ। ਇਸ ਮੌਕੇ ਉੱਪਰ ਉਹਨਾਂ ਨੇ ਆਵਾਜਾਈ ਦੇ ਨਿਯਮਾਂ, ਸੰਕੇਤਾਂ, ਵੱਖ-ਵੱਖ ਪ੍ਰਕਾਰ ਦੀਆਂ ਸੜਕਾਂ ਅਤੇ ਚਿੰਨ੍ਹਾਂ ਦੁਆਰਾ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸ ਸਮੇਂ ਜਾਣਕਾਰੀ ਦਿੰਦਿਆਂ ਸਕੂਲ ਪ੍ਰਿੰਸੀਪਲ ਡਾ. ਗਗਨਦੀਪ ਪਰਾਸ਼ਰ ਨੇ ਦੱਸਿਆ ਕਿ ਇਸ ਦਸ ਰੋਜਾ ਸਿਖਲਾਈ ਕੈਂਪ ਵਿੱਚ ਪੂਰੇ ਪੰਜਾਬ ਵਿੱਚੋਂ ਵੱਖ ਵੱਖ ਸਕੂਲਾਂ ਦੇ ਲਗਭਗ 600 ਕੈਡਿਟ ਹਿੱਸਾ ਲੈ ਰਹੇ ਹਨ। ਇਸ ਕੈਂਪ ਵਿੱਚ 03 ਪੰਜਾਬ ਨੇਵਲ ਯੂਨਿਟ ਬਠਿੰਡਾ ਦੇ ਜਵਾਨਾਂ ਵੱਲੋਂ ਐਨ ਸੀ ਸੀ ਕੈਡਿਟਾਂ ਨੂੰ ਡਰਿੱਲ, ਦੇਸ਼ ਦੇ ਵੱਖ-ਵੱਖ ਖੇਤਰਾਂ ਦੀ ਜਾਣਕਾਰੀ, ਆਪਾਤਕਾਲੀਨ ਸਥਿਤੀਆਂ ਨਾਲ ਨਜਿੱਠਣ, ਨੇਵੀ ਦੇ ਵੱਖ-ਵੱਖ ਰੈਂਕਾਂ ਦੀ ਜਾਣਕਾਰੀ, ਵੱਖ-ਵੱਖ ਕਿਸਮਾਂ ਦੇ ਹਥਿਆਰਾਂ ਦੇ ਸੰਚਾਲਨ ਅਤੇ ਰੱਖ ਰਖਾਅ ਅਤੇ ਨਿਸ਼ਾਨੇਬਾਜ਼ੀ ਆਦਿ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਜਾਵੇਗੀ। ਇਸ ਮੌਕੇ ਉੱਤੇ ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰੀ ਤੇਜਿੰਦਰਪਾਲ ਜਿੰਦਲ, ਸੀਨੀ: ਮੀਤ ਪ੍ਰਧਾਨ ਸ੍ਰੀ ਪਰਸ਼ੋਤਮ ਗਰਗ, ਮੀਤ ਪ੍ਰਧਾਨ ਡਾ. ਮੱਖਣ ਲਾਲ, ਪ੍ਰਬੰਧਕ ਸ੍ਰੀ ਅੰਮ੍ਰਿਤ ਲਾਲ, ਨਰਿੰਦਰ ਸਿੰਘ, ਗੋਬਿੰਦ ਰਾਮ ਸ਼ਰਮਾ, ਰਜਿੰਦਰ ਕੁਮਾਰ, ਤੁਸ਼ਾਰ ਕੁਮਾਰ, ਭੂਸ਼ਣ ਕੁਮਾਰ, ਸ਼੍ਰੀਮਤੀ ਪੱਲਵੀ, ਸਕੂਲ ਯੂਨਿਟ ਦੇ ਛਠੌਂ ਸ਼੍ਰੀ ਸੋਮਨਾਥ ਸ਼ਰਮਾ, ਸ੍ਰੀ ਬਿਸ਼ਨੂੰ ਕ੍ਰਿਕਟ ਕੋਚ ਆਦਿ ਹਾਜ਼ਰ ਸਨ।

# *ਲੋਕ ਇਨਸਾਫ਼ ਮੰਚ ਵਲੋਂ 28 ਸਤੰਬਰ ਨੂੰ ਫਿਲੌਰ ਵਿੱਚ ਲੋਕ ਮਸਲਿਆਂ ਤੇ ਵਿਸ਼ਾਲ "ਮਹਾਂ ਪੰਚਾਇਤ" ਕਰਨ ਦਾ ਐਲਾਨ।*

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਜੂਨ
INTERNATIONAL PAPER, 94636 01616
hardipchumber57@gmail.com

ਫਿਲੌਰ/ਅੱਪਰਾ (ਦੀਪਾ)- ਲੋਕ ਇਨਸਾਫ਼ ਮੰਚ ਤਹਿਸੀਲ ਫਿਲੌਰ ਦੀ ਜਨਰਲ ਬਾਡੀ ਦੀ ਮੀਟਿੰਗ ਪ੍ਰਧਾਨ ਜਰਨੈਲ ਫਿਲੌਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਤਹਿਸੀਲ ਫਿਲੌਰ ਦੇ ਲੱਗਭਗ 50 ਪਿੰਡਾਂ ਦੇ ਨੁਮਾਇੰਦਿਆਂ ਨੇ ਹਿੱਸਾ ਲਿਆ। ਇਸ ਮੌਕੇ ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਮੌਕੇ 28 ਸਤੰਬਰ ਨੂੰ ਫਿਲੌਰ ਵਿੱਚ ਲੋਕ ਮਸਲਿਆਂ ਦੀ ਵਿਸ਼ਾਲ ਮਹਾਂ ਪੰਚਾਇਤ ਕਰਨ ਦਾ ਐਲਾਨ ਸਰਬਸੰਮਤੀ ਨਾਲ ਕੀਤਾ ਗਿਆ।

ਇਸ ਮੌਕੇ ਜਰਨੈਲ ਫਿਲੌਰ, ਪਰਸ਼ੋਤਮ ਫਿਲੌਰ, ਐਡਵੋਕੇਟ ਸੰਜੀਵ ਭੌਰਾ, ਮਾਸਟਰ ਹੰਸ ਰਾਜ, ਡਾਕਟਰ ਸੰਦੀਪ ਕੁਮਾਰ, ਅਮਰਜੀਤ ਲਾਡੀ, ਜਸਵੰਤ ਬੋਧ,ਡਾਕਟਰ ਅਸ਼ੋਕ ਕੁਮਾਰ, ਹਨੀ ਸੰਤੋਖਪੁਰਾ, ਰਾਮਜੀ ਦਾਸ ਗੰਨਾ ਪਿੰਡ, ਰਾਜਵਿੰਦਰ ਸਿੰਘ ਮੁਠੱਡਾ, ਹਰਮੇਸ਼ ਰਾਹੀ , ਕੁਲਦੀਪ ਲੰਬਰਦਾਰ ,ਆਦਿ ਆਗੂਆਂ ਨੇ ਕਿਹਾ ਕਿ ਮਹਾਂ ਪੰਚਾਇਤ ਦੀ ਤਿਆਰੀ ਲਈ ਜਨ ਸੰਪਰਕ ਮੁਹਿੰਮ ਤਹਿਤ ਸੌ ਦਿਨਾਂ ਵਿੱਚ 50 ਪਿੰਡਾਂ ਵਿੱਚ 50 ਮੀਟਿੰਗਾਂ ਕੀਤੀਆਂ ਜਾਣਗੀਆਂ। ਆਗੂਆਂ ਨੇ ਕਿਹਾ ਕਿ ਇਸ ਇਤਹਾਸਿਕ ਮਹਾਂ ਪੰਚਾਇਤ ਵਿੱਚ ਹਜ਼ਾਰਾਂ ਲੋਕ ਸ਼ਮੂਲੀਅਤ ਕਰਨਗੇ। ਇਸ ਮੌਕੇ ਲੋਕ ਇਨਸਾਫ਼ ਮੰਚ ਦੇ ਜਨਰਲ ਸਕੱਤਰ ਪ੍ਰਸ਼ੋਤਮ ਫਿਲੌਰ ਅਤੇ ਮੁੱਖ ਬੁਲਾਰੇ ਐਡਵੋਕੇਟ



ਸੰਜੀਵ ਕੁਮਾਰ ਭੌਰਾ ਨੇ ਕਿਹਾ ਕਿ 31 ਜੁਲਾਈ ਨੂੰ ਸ਼ਹੀਦ ਉਧਮ ਸਿੰਘ ਦਾ ਸ਼ਹੀਦੀ ਦਿਹਾੜਾ ਅਤੇ 23 ਅਗਸਤ ਨੂੰ ਲੋਕ ਆਗੂ ਕਾਮਰੇਡ ਦੇਵ ਫਿਲੌਰ ਦੀ ਬਰਸੀ ਨੂੰ ਵੱਡੇ ਪੱਧਰ ਤੇ ਮਨਾਇਆ ਜਾਵੇਗਾ। ਇਸ ਮੌਕੇ ਜਿਹਨਾਂ ਲੋਕ ਮਸਲਿਆਂ ਤੇ ਮਹਾਂ ਪੰਚਾਇਤ ਹੋ ਰਹੀ ਹੈ ਬਾਰੇ ਆਗੂਆਂ ਨੇ ਕਿਹਾ ਮਨਰੇਗਾ ਮਜ਼ਦੂਰਾਂ ਦੀ ਦਿਹਾੜੀ 700 ਰੁਪਏ ਕੀਤੀ ਜਾਵੇ ਤੇ ਸਾਰਾ ਸਾਲ ਕੰਮ ਦੀ ਗਰੰਟੀ ਕੀਤੀ ਜਾਵੇ ਤੇ ਇਹ ਸਕੀਮ ਸ਼ਹਿਰਾਂ ਵਿੱਚ ਵੀ ਲਾਗੂ ਕੀਤੀ ਜਾਵੇ, ਈ ਵੀ ਐੱਮ ਬੰਦ ਕੀਤੀ ਜਾਵੇ, ਹਰ ਤਰ੍ਹਾਂ ਦੀ ਪੈਨਸ਼ਨ 5000 ਰੁਪਏ ਕੀਤੀ ਜਾਵੇ, ਮਿਡ ਡੇ ਮੀਲ, ਆਸ਼ਾ ਵਰਕਰਾਂ ਤੇ ਅਗਨਵਾੜੀ ਵਰਕਰਾਂ ਨੂੰ ਪੱਕਾ ਕੀਤਾ ਜਾਵੇ, ਲੋਕਾਂ ਤੇ ਪੁਲਿਸ ਜਬਰ ਬੰਦ ਕੀਤਾ ਜਾਵੇ ਤੇ ਝੂਠੇ ਕੇਸ ਰੱਦ ਕੀਤੇ ਜਾਣ, ਜਵਾਨੀ ਨੂੰ ਬਚਾਉਣ ਲਈ ਨਸ਼ਿਆਂ ਨੂੰ ਸੁਹਿਰਦਤਾ ਨਾਲ ਨੱਥ ਪਾਈ ਜਾਵੇ, ਪੰਜਾਬ ਨੂੰ ਪੁਲਿਸ ਸਟੇਟ ਬਣਾਉਣਾ ਬੰਦ ਕੀਤਾ ਜਾਵੇ,ਕਿਸਾਨ ਮਾਰੂ ਲੈਂਡ ਪੂਲਿੰਗ ਨੀਤੀ ਖ਼ਤਮ ਕੀਤੀ ਜਾਵੇ, ਹਰ ਤਰ੍ਹਾਂ ਦੇ ਭਰਿਸ਼ਟਾਚਾਰ ਨੂੰ ਨੱਥ ਪਾਈ ਜਾਵੇ, ਸਰਕਾਰੀ ਹਸਪਤਾਲਾਂ ਤੇ ਡਿਸਪੈਂਸਰੀਆਂ ਵਿੱਚ ਡਾਕਟਰਾਂ ਤੇ ਹੋਰ ਅਮਲੇ ਦੀ ਘਾਟ ਅਤੇ ਲੋੜੀਂਦੀਆਂ ਦਵਾਈਆਂ ਤੇ ਸਹੂਲਤਾਂ ਦੀ ਘਾਟ ਨੂੰ ਪੂਰਾ ਕੀਤਾ ਜਾਵੇ, ਪਿੰਡਾਂ ਵਿੱਚ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਖੇਡ ਸਟੇਡੀਅਮ ਬਣਾਏ ਜਾਣ, ਫਿਲੌਰ ਤੇ ਗੁਰਾਇਆ ਵਿੱਚ ਰੇਲਵੇ ਓਵਰ/ਅੰਡਰ ਬ੍ਰਿਜ ਲੋਕਾਂ ਦੀ ਸਹਿਮਤੀ ਨਾਲ ਜਲਦ ਸ਼ੁਰੂ ਕੀਤੇ ਜਾਣ, ਫਿਲੌਰ ਤੇ ਗੁਰਾਇਆ ਵਿੱਚ ਬੱਸ ਅੱਡੇ ਬਣਾਏ ਜਾਣ, ਸਾਰੇ ਪਿੰਡਾਂ ਵਿੱਚ ਸਾਫ਼ ਪਾਣੀ ਲਈ ਆਰ ਓਜ਼ ਦਾ ਪ੍ਰਬੰਧ ਕੀਤਾ ਜਾਵੇ, ਸਾਰੇ ਪਿੰਡਾਂ ਵਿਚੋਂ ਗੰਦੇ ਪਾਣੀ ਦੀ ਨਿਕਾਸੀ ਦਾ ਪ੍ਰਬੰਧ ਕੀਤਾ ਜਾਵੇ, ਗੰਦਾ ਪਾਣੀ ਦਰਿਆਵਾਂ ਵਿੱਚ ਪਾਉਣਾ ਬੰਦ ਕੀਤਾ ਜਾਵੇ, ਫਿਲੌਰ ਵਿੱਚ ਸ਼ਹੀਦ ਭਗਤ ਸਿੰਘ ਦੇ ਨਾਮ ਤੇ ਚੌਂਕ ਬਣਾਇਆ ਜਾਵੇ ਅਤੇ ਮਹਾਤਮਾ ਬੁੱਧ ਜੀ ਦੇ ਚੌਂਕ ਦੀ ਸਾਂਭ ਸੰਭਾਲ ਦਾ ਕੰਮ ਧੱਮਾਂ ਫੈਡਰੇਸ਼ਨ ਆਫ ਇੰਡੀਆ ਨੂੰ ਦਿੱਤਾ ਜਾਵੇ, ਫਿਲੌਰ ਦੇ ਨਵਾਂ ਸ਼ਹਿਰ ਚੌਂਕ ਤੋਂ ਲੁਧਿਆਣਾ ਜਾਣ ਸਮੇਂ ਬਣੇ ਖੂਨੀ ਕੱਟ ਦੇ ਮਸਲੇ ਦਾ ਹੱਲ ਕੀਤਾ ਜਾਵੇ ਆਦਿ ਲੋਕ ਮਸਲਿਆਂ ਤੇ ਲੋਕਾਂ ਨੂੰ ਲਾਮਬੰਦ ਕੀਤਾ ਜਾਵੇਗਾ।

ਇਸ ਮੌਕੇ ਕਰਨੈਲ ਫਿਲੌਰ, ਐਡਵੋਕੇਟ ਸੁਰਜੀਤ ਖੇਤਾਨ, ਜਗਜੀਤ ਭੱਟੀ , ਰਮਨ ਮਾਹੀ, ਇੰਦਰਜੀਤ ਸਿੰਘ ਪੱਤਰਕਾਰ, ਸੁਨੀਲ ਗੰਨਾ ਪਿੰਡ, ਰਾਹੁਲ ਕੋਰੀ, ਸੰਦੀਪ ਗੰਨਾ ਪਿੰਡ, ਬਖਸ਼ੀ ਰਾਮ, ਸੋਮਨਾਥ ਸੇਖੂਪੁਰ, ਅਰਸ਼ਪ੍ਰੀਤ, ਸਤਪਾਲ ਸਾਹਪੁਰ, ਮੁਹੰਮਦ ਨਦੀਮ, ਰਿੰਕੂ ਸੰਤੋਖਪੁਰਾ, ਮਦਨ ਲਾਲ, ਰਾਮਪਾਲ, ਮਨਜੀਤ ਕੁਮਾਰ, ਸਚਿਨ ਕੁਮਾਰ, ਕੁਲਵਿੰਦਰ ਕੁਮਾਰ,ਰਮਨ ਭੁਲੇਵਾਲ, ਸੰਦੀਪ ਕੁਮਾਰ, ਰਾਜਿੰਦਰ ਕੁਮਾਰ ਰਾਜੂ, ਸਾਬੂ ਜਗਤਪੁਰ, ਗੋਬਿੰਦ ਰਾਮ, ਅਮਰਜੀਤ ਸੋਨੂੰ ਸਾਬਕਾ ਪੰਚ , ਮਨਪ੍ਰੀਤ ਕਮਲ, ਸੰਦੀਪ ਚੌਹਾਨ, ਸੁਰਿੰਦਰ ਮਹਲਾ, ਰਾਜ ਬੱਬਰ, ਸਤਪਾਲ ਸੰਧੂ, ਸੁਰਜੀਤ ਰਾਮ, ਅਕਾਸ਼ਦੀਪ ਜੱਸਲ, ਸੁਰੇਸ਼ ਕੁਮਾਰ, ਹੈਪੀ ਸੰਗੋਵਾਲ, ਰਾਹੁਲ ਕੋਰੀ, ਮੱਖਣ ਗੜ੍ਹਾ, ਸੌਰਵ ਮਹਿਮੀ, ਗੁਰਚਰਨ ਦਾਸ ਅਪਰਾ, ਸ਼੍ਰੀ ਰਾਮ ਅੱਪਰਾ, ਹਰਦੀਪ ਬੇਨੀ ਤੇਹੰਗ, ਰਿੱਕੀ ਮੀਆਂਵਾਲ, ਦੀਪਕ ਰਵਿਦਾਸ ਪੁਰੀ, ਬੂਟਾ ਰਾਮ ਮੁਠੱਡਾ, ਰਾਮਪਾਲ , ਕਰਮਜੀਤ ਸਿੰਘ ਮੋਗਾ, ਜਗਜੀਤ ਸਿੰਘ ਮੋਗਾ, ਗੁਰਜੀਤ ਸਿੰਘ ਮੋਗਾ, ਅਮਰਜੀਤ ਸਿੰਘ ਮੋਗਾ, ਲਖਵੀਰ ਸਿੰਘ, ਸੇਲਕਿਆਨਾ,ਸ਼ਿਗਾ ਰਾਮ ਹਰਿਆਣਾ, ਸਰੂਪ ਕਲੇਰ, ਵੀਜੇ ਬੰਗਰ, ਅਰਵਿੰਦ ਕੁਮਾਰ,ਕੇਹਰ ਰਾਮ, ਹੰਸ ਕੌਰ, ਸੁਨੀਤਾ ਫਿਲੌਰ, ਸਰੋਜ ਰਾਣੀ, ਕਮਲਜੀਤ ਕੌਰ, ਮੰਮਤਾ ਰਾਣੀ , ਰੁਪਿੰਦਰ ਕੌਰ,ਅਤੇ ਰਜਨੀ ਰਾਣੀ ਆਦਿ ਹਾਜ਼ਰ ਸਨ।

# ਸਰਬੱਤ ਦਾ ਭਲਾ ਫਾਉਂਡੇਸ਼ਨ ਨੇ ਕਰਵਾਇਆ 53ਵਾਂ ਮਹੀਨਾਵਾਰ ਰਾਸ਼ਨ ਵੰਡ ਸਮਾਗਮ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਜੂਨ
INTERNATIONAL PAPER, 94636 01616
hardipchumber57@gmail.com



ਫਗਵਾੜਾ 23 ਜੂਨ (ਸ਼ਿਵ ਕੌੜਾ) ਸਰਬੱਤ ਦਾ ਭਲਾ ਫਾਉਂਡੇਸ਼ਨ ਫਗਵਾੜਾ ਵਲੋਂ 53ਵਾਂ ਮਹੀਨਾਵਾਰ ਰਾਸ਼ਨ ਵੰਡ ਸਮਾਗਮ ਫਾਉਂਡੇਸ਼ਨ ਦੇ ਚੇਅਰਮੈਨ ਵਿਪਨ ਅਰੋੜਾ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ। ਜਿਸ ਵਿੱਚ ਬਤੌਰ ਮੁੱਖ ਮਹਿਮਾਨ ਜਲੰਧਰ ਤੋਂ ਸੰਦੀਪ ਅਰੋੜਾ ਸ਼ਾਮਲ ਹੋਏ। ਜਦਕਿ ਵਿਸ਼ੇਸ਼ ਮਹਿਮਾਨਾਂ ਵਜੋਂ ਡਾਇਟੀਸ਼ੀਅਨ ਮਿਸ ਆਇਸ਼ਕਾ ਮਲਿਕ ਅਤੇ ਕਮਲਦੀਪ ਮਲਿਕ ਪੰਚਕੂਲਾ ਨੇ ਹਾਜਰੀ ਲਗਵਾਈ। ਉਹਨਾਂ ਨੇ ਲੋੜਵੰਦਾਂ ਨੂੰ ਰਾਸ਼ਨ ਦੀ ਵੰਡ ਕਰਦਿਆਂ ਭਰੋਸਾ ਦਿੱਤਾ ਕਿ ਆਪਣੇ ਵਲੋਂ ਵੀ ਇਸ ਭਲਾਈ ਦੇ ਕੰਮ 'ਚ ਹਰ ਸੰਭਵ ਸਹਿਯੋਗ ਕਰਨਗੇ। ਫਾਉਂਡੇਸ਼ਨ ਦੇ ਪ੍ਰਧਾਨ ਕਰਮਵੀਰ ਅਰੋੜਾ ਨੇ ਦੱਸਿਆ ਕਿ ਪਹਿਲਾਂ ਇਹ ਰਾਸ਼ਨ ਵੰਡ ਸਮਾਗਮ ਵਿਪਕਿਰਨ ਸੇਵਾ ਸੁਸਾਇਟੀ ਦੇ ਬੈਨਰ ਹੇਠ ਕਰਵਾਇਆ ਜਾਂਦਾ ਸੀ। ਹੁਣ ਸਮੂਹ ਮੈਂਬਰਾਂ ਦੀ ਸਹਿਮਤੀ ਦੇ ਨਾਲ ਸਰਬੱਤ ਦਾ ਭਲਾ ਫਾਉਂਡੇਸ਼ਨ ਦਾ ਗਠਨ ਕੀਤਾ ਗਿਆ ਹੈ ਅਤੇ ਫਾਉਂਡੇਸ਼ਨ ਵਲੋਂ ਹਰ ਮਹੀਨੇ ਰਾਸ਼ਨ ਵੰਡਿਆ ਜਾਵੇਗਾ। ਸਮਾਗਮ ਦੌਰਾਨ ਮੋਜੂਦ ਰਹੇ ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਨੇ ਸਰਬੱਤ ਦਾ ਭਲਾ ਫਾਉਂਡੇਸ਼ਨ ਨੂੰ ਆਪਣੀਆਂ ਸ਼ੁੱਭ ਇੱਛਾਵਾਂ ਦਿੱਤੀਆਂ ਅਤੇ ਆਸ ਪ੍ਰਗਟਾਈ ਕਿ ਇਹ ਫਾਉਂਡੇਸ਼ਨ ਆਪਣੇ ਨਾਮ ਦੇ ਮੁਤਾਬਕ ਬਿਨਾਂ ਕਿਸੇ ਭੇਦ-ਭਾਵ ਤੋਂ ਸਰਬੱਤ ਦੇ ਭਲੇ ਲਈ ਯਤਨਸ਼ੀਲ ਰਹੇਗੀ।

ਪਹਿਲੀ ਪਾਤਸ਼ਾਹੀ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸਾਏ ਮਾਰਗ 'ਤੇ ਚਲਦਿਆਂ ਸਰਬੱਤ ਦੇ ਲਈ ਫਾਉਂਡੇਸ਼ਨ ਹਮੇਸ਼ਾ ਯਤਨਸ਼ੀਲ ਰਹੇਗੀ। ਇਸ ਮੌਕੇ ਹਰਬੰਸ ਲਾਲ, ਸਲੋਨੀ ਜੈਨ, ਰਣਜੀਤ ਸਿੰਘ ਕਿੰਨੜਾ, ਨਰੇਸ਼ ਸੁਧੀਰ, ਮੋਹਨ ਲਾਲ ਤਨੇਜਾ ਆਦਿ ਹਾਜਰ ਸਨ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਜੂਨ
INTERNATIONAL PAPER, 9463601616
hardipchumber57@gmail.com

# ਬਰਸਾਤੀ ਮੌਸਮ ਵਿੱਚ ਘਟਨਾਵਾਂ ਤੋਂ ਸੁਰੱਖਿਅਤ ਕਿਵੇਂ ਰਹੀਏ?

ਜਗਤਾਰ ਲਾਡੀ ਮਾਨਸਾ
9463603091



ਬਰਸਾਤੀ ਮੌਸਮ ਇੱਕ ਸੁਹਾਵਣਾ ਸਮਾਂ ਹੀ ਹੁੰਦਾ ਹੈ ,ਜਿੱਥੇ ਕੁਦਰਤ ਆਪਣੀ ਤਾਜਗੀ ਨਾਲ ਮਨੁੱਖੀ ਮਨ ਨੂੰ ਪ੍ਰਸੰਨਤਾ ਤੇ ਹਾਸੇ ਖੇੜੇ ਪਹੁੰਚਾਉਂਦੀ ਹੈ। ਸਾਰੇ ਇਸ ਦੀ ਬੇਸਬਰੀ ਨਾਲ ਉਡੀਕ ਕਰਦੇ। ਕਿਉਂਕਿ ਗਰਮੀ ਦਾ ਤਪਾਏ ਹੋਏ ਲੋਕ,ਜੀਵ ,ਰੁੱਖ ਸਭ ਮੀਂਹ ਨੂੰ ਉਡੀਕਦੇ ਹਨ। ਜਿੱਥੇ ਇਸ ਦੇ ਆਉਣ ਨਾਲ ਹਰ ਪਾਸੇ ਚਹਿਲ ਪਹਿਲ ਹੋ ਜਾਂਦੀ ਹੈ। ਬੂਟਿਆਂ ਤੇ ਪੰਛੀਆਂ ਨੂੰ ਸੁੱਖ ਦਾ ਸਾਹ ਆਉਂਦਾ ਹੈ। ਕੁਦਰਤ ਦੀ ਕਾਇਨਾਤ ਖਿੜ ਜਾਂਦੀ ਹੈ , ਉਥੇ ਹੀ ਇਸ ਮੌਸਮ ਦੇ ਨਾਲ-ਨਾਲ ਕਈ ਤਰ੍ਹਾਂ ਦੀਆਂ ਘਟਨਾਵਾਂ, ਬਿਮਾਰੀਆਂ, ਹਾਦਸੇ ਅਤੇ ਕੁਦਰਤੀ ਆਫਤਾਂ ਵੀ ਵਧ ਜਾਂਦੀਆਂ ਹਨ। ਇਸ ਲਈ ਜੇਕਰ ਸਾਵਧਾਨੀ ਨਾ ਵਰਤੀ ਜਾਵੇ, ਤਾਂ ਇਹ ਮੌਸਮ ਖ਼ੁਸ਼ੀ ਦੀ ਥਾਂ ਦੁੱਖਾਂ ਦਾ ਕਾਰਨ ਬਣ ਸਕਦਾ ਹੈ। ਇੱਥੇ ਅਸੀਂ ਜਾਣਾਂਗੇ ਕਿ ਬਰਸਾਤੀ ਮੌਸਮ ਵਿੱਚ ਅਸੀਂ ਕਿਹੜੀਆਂ ਸਾਵਧਾਨੀਆਂ ਰੱਖ ਕੇ ਆਪਣੇ ਆਪ ਨੂੰ, ਆਪਣੇ ਪਰਿਵਾਰ ਨੂੰ ਅਤੇ ਸਮਾਜ ਨੂੰ ਹੋਣ ਵਾਲੀਆਂ ਘਟਨਾਵਾਂ ਤੋਂ ਸੁਰੱਖਿਅਤ ਰੱਖ ਸਕਦੇ ਹਾਂ।

ਸਿਹਤ ਦੀ ਸੰਭਾਲ ਦੀ ਗੱਲ ਕਰੀਏ ਤਾਂ ਬਰਸਾਤ ਦੇ ਦੌਰਾਨ ਗੰਦੇ ਪਾਣੀ ਦੇ ਕਾਰਨ ਕਈ ਵਾਰ ਹੈਜ਼ਾ, ਟਾਈਫਾਇਡ, ਡੇਂਗੂ, ਮਲੇਰੀਆ, ਲਿਵਰ ਦੀ ਬਿਮਾਰੀ ਆਦਿ ਹੋ ਸਕਦੀਆਂ ਹਨ। ਇਸ ਲਈ ਸਿਰਫ਼ ਉੱਬਲੇ ਜਾਂ ਫਿਲਟਰ ਕੀਤੇ ਪਾਣੀ ਦੀ ਵਰਤੋਂ ਕਰੋ।

ਖਾਣਾ ਤਾਜ਼ਾ ਬਣਾ ਕੇ ਖਾਓ। ਖਾਣ ਪੀਣ ਦੀਆਂ ਵਸਤਾਂ ਨੂੰ ਢੱਕ ਕੇ ਰੱਖੋ।

ਜਿੱਥੋਂ ਤੱਕ ਹੋ ਸਕੇ ਬਾਹਰ ਦੀਆਂ ਚੀਜ਼ਾਂ (ਜਿਵੇਂ ਚਾਟ, ਗੋਲਗੱਪੇ, ਆਈਸਕ੍ਰੀਮ ਆਦਿ) ਖਾਣ ਤੋਂ ਗੁਰੇਜ਼ ਕਰੋ। ਬੱਚਿਆਂ ਨੂੰ ਇਸ ਨਾਲ ਪੇਟ ਦਰਦ, ਉਲਟੀਆਂ,ਲੱਗ ਸਕਦੀਆਂ ਹਨ।

ਹੱਥ ਧੋਣ ਦੀ ਆਦਤ ਬਣਾਓ, ਖਾਣ ਤੋਂ ਪਹਿਲਾਂ ਅਤੇ ਬਾਅਦ ਵਿੱਚ ਬੱਚਿਆਂ ਨੂੰ ਕਹੋ ਕਿ ਹੱਥ ਸਾਫ਼ ਕਰਨ।

ਮੱਛਰਾਂ ਤੇ ਹੋਰ ਖਤਰਨਾਕ ਜੀਵਾਂ ਤੋਂ ਬਚਾਅ ਤੋਂ ਬਚਾਅ ਲਈਮੱਛਰਦਾਨੀ ਦੀ ਵਰਤੋਂ ਕਰੋ।ਮੱਛਰ ਮਾਰਨ ਵਾਲੇ ਸਪਰੇਅ ਜਾਂ ਕੌਇਲ ਵਰਤੋ ਕਰੋ।ਖਾਲੀ ਖੱਪੇ, ਕੂੜਾ, ਪਾਣੀ ਜਮਾਂ ਕਰਨ ਵਾਲੀਆਂ ਥਾਵਾਂ ਦੀ ਸਫਾਈ ਰੱਖੋ।

ਡੇਂਗੂ ਅਤੇ ਮਲੇਰੀਆ ਨੂੰ ਪੈਦਾ ਕਰਨ ਵਾਲੇ ਮੱਛਰ ਜ਼ਿਆਦਾਤਰ ਖੜ੍ਹੇ ਪਾਣੀ ਵਿੱਚ ਪੈਦਾ ਹੁੰਦੇ ਹਨ। ਇਸ ਤੋਂ ਇਲਾਵਾ ਕਈ ਵਾਰੀ ਖਤਰਨਾਕ ਜੀਵ ਸੱਪ ਆਦਿ ਬਰਸਾਤੀ ਮੌਸਮਾਂ ਵਿਚ ਬਾਹਰ ਆ ਜਾਂਦੇ ਹਨ। ਇਸ ਲਈ ਨੰਗੇ ਪੈਰ ਨਾ ਤੁਰੋ ਤੇ ਖਤਰਨਾਕ ਥਾਂ ਤੇ ਜਾਣ ਤੋਂ ਪਰਹੇਜ਼ ਕਰੋ।

ਘਰ ਦੀ ਸੁਰੱਖਿਆ ਵਿੱਚ ਛੱਤਾਂ ਅਤੇ ਨਿਕਾਸੀ ਪ੍ਰਣਾਲੀ ਲਈ ਛੱਤ ਦੀ ਜਾਂਚ ਕਰਵਾਓ ਕਿ ਕਿਤੇ ਲੀਕ ਤਾਂ ਨਹੀਂ। ਕਈ ਵਾਰੀ ਪਾਣੀ ਪੈਣ ਕਾਰਨ ਹੀ ਖਤਰਨਾਕ ਘਟਨਾਵਾਂ ਵਾਪਰ ਜਾਂਦੀਆਂ ਹਨ। ਛੱਤਾਂ ਵਾਲੀਆਂ ਨਾਲੀਆਂ ਅਤੇ ਪਾਈਪਾਂ ਦੀ ਸਫਾਈ ਕਰੋ, ਤਾਂ ਕਿ ਪਾਣੀ ਇਕੱਠਾ ਨਾ ਹੋਵੇ।

ਜੇਕਰ ਘਰ ਦੀ ਛੱਤ ਪੱਕੀ ਨਹੀਂ, ਤਾਂ ਉਸ ਨੂੰ ਕਵਰ ਕਰਨ ਜਾਂ ਮਰੰਮਤ ਕਰਵਾਉਣ ਦੀ ਲੋੜ ਹੁੰਦੀ ਹੈ। ਉਸ ਲਈ ਮਿੱਟੀ ਤੇ ਪਲਾਸਟਿਕ ਸੀਟ ਜਾ ਕਾਗਜ਼ ਵਗੈਰਾ ਦਾ ਪ੍ਰਬੰਧ ਕਰੋ।




ਬਿਜਲੀ ਸਿਸਟਮ ਸਾਡੇ ਘਰ ਦਾ ਅਹਿਮ ਸਿਸਟਮ ਹੁੰਦਾ ਹੈ।ਬਰਸਾਤ ਦੌਰਾਨ ਬਿਜਲੀ ਦੇ ਝਟਕੇ ਜਾਂ ਕਰੰਟ ਲੱਗਣ ਦਾ ਖਤਰਾ ਵਧ ਜਾਂਦਾ ਹੈ।ਖੁੱਲੇ ਤਾਰ ਜਾਂ ਨਮੀ ਵਾਲੇ ਬਿਜਲੀ ਦੇ ਸਵਿੱਚ ਬੋਰਡ ਨਾ ਛੂਹੋ।

ਸਾਰੇ ਬਿਜਲੀ ਉਪਕਰਨ ਜਿਵੇਂ ਕਿ ਮੋਟਰ, ਰੈਫਰਿਜਰੇਟਰ, ਟੀ.ਵੀ. ਆਦਿ ਨੂੰ ਉੱਚੀ ਥਾਂ ਤੇ ਰੱਖੋ। ਮੀਂਹ ਆਉਣ ਤੋਂ ਪਹਿਲਾਂ ਸਾਰੇ ਯੰਤਰ ਚੈਕ ਕਰਵਾਓ। ਤਾਰਾਂ ਦੇ ਜੋੜ ਚੈਕ ਕਰਵਾਓ। ਮਾੜੀਆਂ ਤਾਰਾਂ ਬਦਲ ਦਿਓ।

ਕਿਉਂਕਿ ਇਸ ਤਰਾਂ ਦੀ ਅਣਗਹਿਲੀ ਹੀ ਹਰ ਸਾਲ ਅਣਗਿਣਤ ਜਾਨਾਂ ਲੈ ਲੈਂਦੀ ਹੈ।ਜਿੱਥੇ ਪਾਣੀ ਵਧ ਜਾਵੇ, ਉਥੇ ਤੁਰੰਤ ਮੈਨ ਸਵਿੱਚ ਬੰਦ ਕਰੋ।

ਸੜਕਾਂ ਅਤੇ ਆਵਾਜਾਈ ਵਿੱਚ ਸੜਕਾਂ ਦੀ ਹਾਲਤ ਮੀਂਹ ਦੌਰਾਨ ਵਿਗੜ ਜਾਂਦੀ ਹੈ।

ਬਰਸਾਤ ਦੌਰਾਨ ਸੜਕਾਂ 'ਤੇ ਗੱਡੇ, ਪਾਣੀ ਦਾ ਭਰ ਜਾਣਾ, ਚਿੱਕੜ ਆਦਿ ਹੋ ਜਾਂਦੇ ਹਨ।ਪੈਦਲ ਜਾਂ ਸਾਈਕਲ ਚਲਾਉਂਦੇ ਸਮੇਂ ਸੀਵਰੇਜ ਵਿੱਚ ਡਿੱਗਣ ਜਾਂ ਫਿਸਲਣ ਦੀ ਸੰਭਾਵਨਾ ਹੁੰਦੀ ਹੈ।

ਵਾਹਨ ਚਲਾਉਣਾ ਚਲਾਉਂਦੇ ਸਮੇਂ ਬਰਸਾਤ ਵਿੱਚ ਵਾਹਨ ਦੀ ਸਲੋ-ਸਪੀਡ ਰੱਖੋ।

ਵਾਹਨ ਦੇ ਟਾਇਰ, ਬ੍ਰੇਕ ਤੇ ਲਾਈਟਾਂ ਦੀ ਜਾਂਚ ਕਰਵਾਓ।ਬਾਰਿਸ਼ ਵਿੱਚ ਵਾਈਪਰ ਦੀ ਪੂਰਨ ਵਰਤੋਂ ਯਕੀਨੀ ਬਣਾਓ।

ਖੜ੍ਹੇ ਪਾਣੀ ਵਿੱਚ ਵਾਹਨ ਚਲਾਉਣ ਤੋਂ ਬਚੋ, ਕਿਉਂਕਿ ਇਹ ਇੰਜਨ ਨੂੰ ਨੁਕਸਾਨ ਪਹੁੰਚਾ ਸਕਦਾ ਹੈ।

ਬੱਚਿਆਂ ਦੀ ਸੰਭਾਲ ਵਿੱਚ ਸਕੂਲ ਜਾਂ ਖੇਡ ਸਮੇਂ ਬੱਚਿਆਂ ਨੂੰ ਛਤਰੀ ਜਾਂ ਰੇਨਕੋਟ ਦੇਣਾ ਯਕੀਨੀ ਬਣਾਓ।

ਉਨ੍ਹਾਂ ਨੂੰ ਗਿੱਲੇ ਕੱਪੜੇ ਲੰਮੇ ਸਮੇਂ ਤੱਕ ਨਾ ਪਹਿਨਣ ਦਿਓ, ਨਹੀ ਤਾਂ ਠੰਡ ਜਾਂ ਫੰਗਸ ਹੋ ਸਕਦੀ ਹੈ।

ਜੇਕਰ ਬਰਸਾਤ ਹੋ ਰਹੀ ਹੋਵੇ ਤਾਂ ਖੁੱਲ੍ਹੇ ਮੈਦਾਨ ਵਿੱਚ ਖੇਡਣ ਤੋਂ ਰੋਕੋ।

ਖਾਣ-ਪੀਣ ਤੇ ਸਫਾਈ ਬੱਚਿਆਂ ਨੂੰ ਘਰੇਲੂ ਤੇ ਮੌਸਮ ਮੁਤਾਬਿਕ ਖਾਣਾ ਦਿਓ। ਹਲਕਾ ਖਾਣਾ ਵਧੀਆ ਰਹੇਗਾ। ਸਕੂਲ ਵਾਲੀ ਪਾਣੀ ਦੀ ਬੋਤਲ ਸਾਫ਼ ਹੋਣੀ ਚਾਹੀਦੀ ਹੈ।

ਪਸ਼ੂਆਂ ਅਤੇ ਪੰਛੀਆਂ ਦੀ ਸੰਭਾਲ ਲਈ ਪਸ਼ੂਆਂ ਲਈ ਸੁੱਕਾ ਅਤੇ ਢੱਕਿਆ ਹੋਇਆ ਥਾਂ ਬਣਾਓ। ਉਹਨਾਂ ਦੇ ਬੈਠਣ ਦੀ ਥਾਂ ਸੁੱਕੀ ਹੋਵੇ।ਉਨ੍ਹਾਂ ਦੇ ਚਾਰੇ ਨੂੰ ਭਿੱਜਣ ਤੋਂ ਬਚਾਓ। ਚਾਰੇ ਨੂੰ ਧਿਆਨ ਨਾਲ ਪਾਓ।

ਪੰਛੀਆਂ ਲਈ ਛੱਤਾਂ 'ਤੇ ਜਾਂ ਵਿਹੜੇ ਵਿੱਚ ਕਿਤੇ ਨਾ ਕਿਤੇ ਥਾਵਾਂ ਤੇ ਦਾਣਾ ਪਾਣੀ ਰੱਖੋ।

ਆਫਤਾਂ ਤੋਂ ਬਚਾਅ ਤੋਂ ਬਚਾਅ ਲਈ ਨੀਵੀਂ ਥਾਵਾਂ 'ਤੇ ਰਹਿਣ ਵਾਲੇ ਲੋਕ ਬਾਢ ਦੀ ਸੂਚਨਾ ਨੂੰ ਧਿਆਨ ਨਾਲ ਲੈਣ।ਜੇਕਰ ਪਹਿਲਾਂ ਹੀ ਸੁਰੱਖਿਅਤ ਥਾਵਾਂ ਤੇ ਚਲੇ ਜਾਣ ਤਾਂ ਜਾਨੀ ਮਾਲੀ ਨੁਕਸਾਨ ਤੋਂ ਬਚਿਆ ਜਾ ਸਕਦਾ ਹੈ।

ਜੇਕਰ ਸਰਕਾਰ ਵੱਲੋਂ ਤੁਰੰਤ ਖਾਲੀ ਕਰਨ ਦੀ ਹਦਾਇਤ ਮਿਲੇ, ਤਾਂ ਹੁਕਮ ਮੰਨੋ।

ਕਾਗਜ਼ੀ ਦਸਤਾਵੇਜ਼, ਪੈਸਾ ਅਤੇ ਜ਼ਰੂਰੀ ਵਸਤਾਂ ਇੱਕ ਸੂਟਕੇਸ ਜਾਂ ਬੈਗ 'ਚ ਤਿਆਰ ਰੱਖੋ।

ਕਈ ਵਾਰੀ ਗਲੀ ਵਿੱਚ ਖੜ੍ਹੇ ਖੰਭਿਆਂ ਨਾਲ ਕਰੰਟ ਲੱਗਣਾ ਜਾਂ ਬਿਜਲੀ ਦੀ ਘਟਨਾਵਾਂ ਵਾਪਰ ਜਾਂਦੀਆਂ ਹਨ। ਗਲੀ ਵਿੱਚ ਲੰਘਦੇ ਨਮੀ ਵਾਲੇ ਹੱਥਾਂ ਨਾਲ ਕਦੇ ਵੀ ਬਿਜਲੀ ਦੇ ਖੜ੍ਹੇ ਉਪਕਰਨ ਨਾ ਛੂਹੋ।

ਬਿਜਲੀ ਕੱਟ ਹੋਣ 'ਤੇ ਮੋਮਬੱਤੀ ਦੀ ਥਾਂ ਟਾਰਚ ਦੀ ਵਰਤੋਂ ਕਰੋ।

ਖੇਤੀਬਾੜੀ ਅਤੇ ਕਿਸਾਨਾਂ ਲਈ ਸਾਵਧਾਨ ਬਰਸਾਤ ਨਾਲ ਫਸਲਾਂ ਦੀ ਨੁਕਸਾਨ ਸੰਭਾਵਨਾ ਹੁੰਦੀ ਹੈ। ਇਸ ਲਈ ਪਾਣੀ ਨਿਕਾਸ ਦਾ ਪ੍ਰਬੰਧ ਹੋਣਾ ਚਾਹੀਦਾ ਹੈ।ਸੰਭਾਵੀ ਕੀਟਾਂ ਤੋਂ ਰੱਖਿਆ ਲਈ ਪਹਿਲਾਂ ਤੋਂ ਛਿੜਕਾਅ ਕਰੋ।

ਸਰਕਾਰ ਵੱਲੋਂ ਦਿੱਤੇ ਜਾਣ ਵਾਲੇ ਮੌਸਮ ਸੰਦੇਸ਼ਾਂ ਅਤੇ ਸਲਾਹਾਂ ਦੀ ਪਾਲਣਾ ਕਰੋ।

ਸਮਾਜਿਕ ਜ਼ਿੰਮੇਵਾਰੀ ਸਮਝਦੇ ਹੋਏ ਆਪਣੇ ਆਲੇ-ਦੁਆਲੇ ਦੀ ਸਫਾਈ ਰੱਖੋ।

ਜਿੱਥੇ ਪਾਣੀ ਇਕੱਠਾ ਹੋ ਰਿਹਾ ਹੋਵੇ, ਉਥੇ ਨਿਕਾਸ ਦਾ ਪ੍ਰਬੰਧ ਕਰੋ।ਜੇਕਰ ਕਿਸੇ ਨੂੰ ਸਹਾਇਤਾ ਦੀ ਲੋੜ ਹੋਵੇ, ਤਾਂ ਅੱਗੇ ਵਧੋ।

ਪਿੰਡ ਜਾਂ ਮੋਹੱਲੇ ਦੀ ਨਿਕਾਸੀ ਅਤੇ ਸਫਾਈ ਵਿਚ ਪੰਚਾਇਤ ਜਾਂ ਨਗਰ ਨਿਗਮ ਦੀ ਮਦਦ ਕਰੋ।

ਘਰੇਲੂ ਤਿਆਰੀਆਂ ਵਿਚ ਰੇਨਕੋਟ, ਛਤਰੀ, ਰਬੜ ਦੇ ਜੁੱਤੇ, ਪਲਾਸਟਿਕ ਦੀ ਸ਼ੀਟ ਘਰ ਵਿੱਚ ਤਿਆਰ ਰੱਖੋ। ਐਮਰਜੈਂਸੀ ਲਾਈਟ, ਬੈਟਰੀ, ਟਾਰਚ, ਮੋਮਬੱਤੀਆਂ ਅਤੇ ਸੁੱਕਾ ਰਾਸ਼ਨ ਜਿੰਨੀ ਲੋੜ ਹੈ ਇਕੱਠਾ ਕਰ ਕੇ ਰੱਖੋ।ਸਭ ਤੋਂ ਵੱਡੀ ਗੱਲ ਝੂਠੀਆਂ ਖ਼ਬਰਾਂ ਨਾ ਫੈਲਾਓ ਤੇ ਨਾ ਹੀ ਯਕੀਨ ਕਰੋ।

ਦਵਾਈਆਂ, ਬੈਂਡੇਜ, ਡੀਟੋਲ, ਮਾਸਕ ਆਦਿ ਨਾਲ ਘਰੇਲੂ ਫਸਟ ਏਡ ਕਿੱਟ ਤਿਆਰ ਰੱਖੋ।

ਮਨੋਵਿਗਿਆਨਕ ਤੌਰ ਤੇ ਤਿਆਰ ਰਹੋ

ਬਰਸਾਤ ਦੀ ਦਹਿਸ਼ਤ ਜਾਂ ਆਫਤਾਂ ਕਾਰਨ ਘਬਰਾਟ ਹੋ ਸਕਦੀ ਹੈ। ਪਰਿਵਾਰ ਵਿੱਚ ਠੰਢੇ ਮਨ ਨਾਲ ਗੱਲ ਕਰੋ।

ਬੱਚਿਆਂ ਨੂੰ ਸਮਝਾਓ ਕਿ ਇਹ ਮੌਸਮ ਕੁਦਰਤੀ ਹੁੰਦੇ ਹਨ ਅਤੇ ਸਾਵਧਾਨ ਰਹਿਣਾ ਹੀ ਸਭ ਤੋਂ ਵਧੀਆ ਰਾਹ ਹੈ।

ਅੰਤ ਵਿੱਚ ਜੇਕਰ ਵਿਚਾਰੀਏ ਤਾਂ ਕਹਿ ਸਕਦੇ ਹਾਂ ਕਿ ਬਰਸਾਤੀ ਮੌਸਮ ਦੇ ਸੁੰਦਰ ਦ੍ਰਿਸ਼ ਦੇ ਨਾਲ ਨਾਲ ਕਈ ਮੁਸ਼ਕਲਾਂ ਵੀ ਆਉਂਦੀਆਂ ਹਨ। ਪਰ ਜੇਕਰ ਅਸੀਂ ਹੁਸ਼ਿਆਰੀ, ਸਾਵਧਾਨੀ ਅਤੇ ਜ਼ਿੰਮੇਵਾਰੀ ਨਾਲ ਕੰਮ ਲਈਏ ਤਾਂ ਅਸੀਂ ਆਪਣੀ ਸਿਹਤ, ਘਰ, ਪਸ਼ੂ, ਪਰਿਵਾਰ ਅਤੇ ਪੂਰੇ ਸਮਾਜ ਨੂੰ ਸੁਰੱਖਿਅਤ ਰੱਖ ਸਕਦੇ ਹਾਂ। ਸਾਵਧਾਨ ਰਹਿਣਾ, ਤਿਆਰੀ ਰੱਖਣਾ ਅਤੇ ਸਹੀ ਸਮੇਂ 'ਤੇ ਠੋਸ ਕਦਮ ਚੁੱਕਣਾ ਹੀ ਇਹਨਾਂ ਘਟਨਾਵਾਂ ਤੋਂ ਬਚ ਨਿਕਲਣ ਦੀ ਚਾਬੀ ਹੈ। ਇਸ ਸਮੇਂ ਵਿੱਚ ਸਾਨੂੰ ਮਿਲ ਕੇ ਚੱਲਣ ਦੀ ਲੋੜ ਹੁੰਦੀ ਹੈ।ਇਸ ਤਰ੍ਹਾਂ ਹੀ ਇਸ ਤਰ੍ਹਾਂ ਦੀਆਂ ਘਟਨਾਵਾਂ ਤੇ ਕਾਬੂ ਪਾ ਸਕਦੇ ਹਾਂ।

# ਵਿਸ਼ਵਕਰਮਾ ਸਾਹਿਬ ਵਿੱਚ ਚੱਲ ਰਹੇ ਪੰਜਾਬੀ ਸਿਖਲਾਈ ਕੈਂਪ ਦਾ ਸਮਾਪਤੀ ਸਮਾਰੋਹ ਐਤਵਾਰ ਸ਼ਾਮ ਨੂੰ ਆਯੋਜਿਤ ਕੀਤਾ ਗਿਆ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਜੂਨ
INTERNATIONAL PAPER, 9463601616
hardipchumber57@gmail.com

ਰਤੀਆ/ਸੁਨੀਲ ਕੁਮਾਰ



ਗਰਮੀਆਂ ਦੀਆਂ ਛੁੱਟੀਆਂ ਕਾਰਨ ਸ਼ਹਿਰ ਦੇ ਫਤਿਹਾਬਾਦ ਰੋਡ 'ਤੇ ਸਥਿਤ ਗੁਰਦੁਆਰਾ ਵਿਸ਼ਵਕਰਮਾ ਸਾਹਿਬ ਵਿੱਚ ਚੱਲ ਰਹੇ ਪੰਜਾਬੀ ਸਿਖਲਾਈ ਕੈਂਪ ਦਾ ਸਮਾਪਤੀ ਸਮਾਰੋਹ ਐਤਵਾਰ ਸ਼ਾਮ ਨੂੰ ਆਯੋਜਿਤ ਕੀਤਾ ਗਿਆ। ਇਸ ਮੌਕੇ 'ਤੇ ਵੱਡੀ ਗਿਣਤੀ ਵਿੱਚ ਕੈਂਪ ਵਿੱਚ ਹਿੱਸਾ ਲੈਣ ਵਾਲੇ ਬੱਚਿਆਂ ਨੂੰ ਗੁਰਦੁਆਰਾ ਕਮੇਟੀ ਵੱਲੋਂ ਸਨਮਾਨਿਤ ਕੀਤਾ ਗਿਆ, ਜਦੋਂ ਕਿ ਬਾਬਾ ਬੰਦਾ ਸਿੰਘ ਬਹਾਦਰ ਸਟੱਡੀ ਸਰਕਲ ਵੱਲੋਂ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ 'ਤੇ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਕਸ਼ਮੀਰ ਸਿੰਘ ਅਤੇ ਸਕੱਤਰ ਅਵਤਾਰ ਸਿੰਘ ਨੇ ਦੱਸਿਆ ਕਿ ਜੂਨ ਮਹੀਨੇ ਵਿੱਚ ਬੱਚਿਆਂ ਦੀਆਂ ਛੁੱਟੀਆਂ ਹੋਣ ਕਾਰਨ ਬਾਬਾ ਵਿਸ਼ਵਕਰਮਾ ਸਾਹਿਬ ਗੁਰਦੁਆਰਾ ਕਮੇਟੀ ਵੱਲੋਂ 2 ਜੂਨ ਤੋਂ 22 ਜੂਨ ਤੱਕ ਪੰਜਾਬੀ ਸਿਖਲਾਈ ਕੈਂਪ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਅਧਿਆਪਕਾਂ ਨੇ ਬੱਚਿਆਂ ਨੂੰ ਆਪਣੀ ਮਾਤ ਭਾਸ਼ਾ ਪੰਜਾਬੀ ਨਾਲ ਜੋੜਨ ਲਈ ਪਾਉਂਟੀ ਅੱਖਰੀ ਅਤੇ ਵਿਆਕਰਣ ਦਾ ਗਿਆਨ ਦਿੱਤਾ ਤਾਂ ਜੋ ਉਹ ਹੋਰ ਭਾਸ਼ਾਵਾਂ ਦੇ ਨਾਲ-ਨਾਲ ਗੁਰਮੁਖੀ ਦਾ ਵੀ ਗਿਆਨ ਪ੍ਰਾਪਤ ਕਰ ਸਕਣ ਅਤੇ ਬੱਚਿਆਂ ਵੱਲੋਂ ਦਿਖਾਏ ਗਏ ਉਤਸ਼ਾਹ ਕਾਰਨ ਕੈਂਪ ਨੂੰ ਇੱਕ ਹਫ਼ਤੇ ਲਈ ਵਧਾ ਦਿੱਤਾ ਗਿਆ। ਕੈਂਪ ਦੇ ਆਖਰੀ ਦਿਨ ਬਾਬਾ ਬੰਦਾ ਸਿੰਘ ਬਹਾਦਰ ਸਟੱਡੀ ਸਰਕਲ ਵੱਲੋਂ ਮਾਤ ਭਾਸ਼ਾ ਨਾਲ ਸਬੰਧਤ ਪੇਂਟਿੰਗ ਗਤੀਵਿਧੀਆਂ ਵੀ ਕਰਵਾਈਆਂ ਗਈਆਂ, ਜਿਸ ਵਿੱਚ ਬੱਚਿਆਂ ਨੇ ਬਹੁਤ ਉਤਸ਼ਾਹ ਦਿਖਾਇਆ। ਮੈਡਮ ਸਰਬਜੀਤ ਕੌਰ, ਕੰਚਨ ਰਾਣੀ, ਪ੍ਰੀਤ ਕੌਰ ਦੇ ਨਾਲ-ਨਾਲ ਅਧਿਆਪਕਾਂ ਅਤੇ ਪੰਜਾਬੀ ਅਧਿਆਪਨ ਕੈਂਪ ਵਿੱਚ ਮਦਦ ਕਰਨ ਵਾਲੇ ਸਾਥੀ ਹੈਪੀ ਸਿੰਘ ਸੇਠੀ ਨੂੰ ਸਿਰੋਪਾਓ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਕੈਂਪ ਦੇ ਸਮਾਪਤੀ ਦਿਨ, ਜਿੱਥੇ ਗੁਰਦੁਆਰਾ ਬਾਬਾ ਵਿਸ਼ਵਕਰਮਾ ਪ੍ਰਬੰਧਕ ਕਮੇਟੀ ਨੇ ਬੱਚਿਆਂ ਨੂੰ ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ, ਉੱਥੇ ਬਾਬਾ ਬੰਦਾ ਸਿੰਘ ਬਹਾਦਰ ਸਟੱਡੀ ਸਰਕਲ ਨੇ ਬੱਚਿਆਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਮੇਜਰ ਸਿੰਘ, ਗੁਰਮੀਤ ਸਿੰਘ, ਤਰਲੋਚਨ ਸਿੰਘ, ਬਲਰਾਜ ਸਿੰਘ, ਸਰਵਣ ਸਿੰਘ, ਪ੍ਰਭਜੋਤ ਸਿੰਘ, ਜਗਤਾਰ ਸਿੰਘ, ਨਵਦੀਪ ਸਿੰਘ, ਮੋਹਨ ਸਿੰਘ, ਸਤਨਾਮ ਸਿੰਘ, ਗੁਰਸ਼ਰਨ ਸਿੰਘ, ਰਣਜੀਤ ਸਿੰਘ ਅਤੇ ਹੋਰ ਸੇਵਾਦਾਰ ਮੌਜੂਦ ਸਨ।

# ਕਾਮਰੇਡ ਜੀਤਾਂ ਕੌਰ ਨੂੰ18 ਵੀਂ ਬਰਸੀ ਮੌਕੇ ਪਾਰਟੀ ਆਗੂਆਂ ਵੱਲੋਂ ਸ਼ਰਧਾਂਜਲੀਆਂ ਭੇਟ,,

## ਕੌਮੀ ਤੇ ਕੌਮਾਂਤਰੀ ਘਟਨਾਵਾਂ ਬਾਰੇ ਜਨਤਾ ਨੂੰ ਜਾਗਰੂਕ ਕਰਨ ਲਈ ਵਿਆਪਕ ਮੁਹਿੰਮ ਚਲਾਉਣ ਦੀ ਸਖ਼ਤ ਜ਼ਰੂਰਤ - ਕਾਮਰੇਡ ਖੀਵਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 23 ਜੂਨ
INTERNATIONAL PAPER, 9463601616
hardipchumber57@gmail.com



ਮਾਨਸਾ, 23 ਜੂਨ (ਆਤਮਾ ਸਿੰਘ ਪਮਾਰ)

ਸੀਪੀਆਈ (ਐਮ ਐਲ) ਲਿਬਰੇਸ਼ਨ ਵਲੋਂ ਅੱਜ ਕਾਮਰੇਡ ਜੀਤਾਂ ਕੌਰ ਦੀ 18ਵੀਂ ਬਰਸੀ ਮੌਕੇ ਉਨ੍ਹਾਂ ਨਮਿਤ ਇੱਕ ਯਾਦਗਾਰੀ ਮੀਟਿੰਗ ਕੀਤੀ ਗਈ।

ਸਥਾਨਕ ਬਾਬਾ ਬੂਝਾ ਸਿੰਘ ਯਾਦਗਾਰੀ ਭਵਨ ਮਾਨਸਾ ਵਿਖੇ ਹੋਈ ਇਸ ਮੀਟਿੰਗ ਨੂੰ ਪਾਰਟੀ ਦੇ ਕੇਂਦਰੀ ਕੰਟਰੋਲ ਕਮਿਸ਼ਨ ਦੇ ਮੈਂਬਰ ਕਾ. ਨਛੱਤਰ ਸਿੰਘ ਖੀਵਾ, ਪਾਰਟੀ ਤੇ ਪ੍ਰਗਤੀਸ਼ੀਲ ਇਸਤਰੀ ਸਭਾ (ਏਪਵਾ) ਦੀਆਂ ਆਗੂ ਕਾਮਰੇਡ ਜਸਬੀਰ ਕੌਰ ਨੱਤ, ਬਲਵਿੰਦਰ ਕੌਰ ਖਾਰਾ, ਹਰਜੀਤ ਕੌਰ ਮਾਨਸਾ ਅਤੇ ਸੀਨੀਅਰ ਪਾਰਟੀ ਆਗੂ ਕਾਮਰੇਡ ਸੁਖਦਰਸ਼ਨ ਸਿੰਘ ਨੱਤ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਕਾ. ਜੀਤਾ ਕੌਰ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਪਾਰਟੀ ਤੇ ਇਨਕਲਾਬੀ ਲਹਿਰ ਪ੍ਰਤੀ ਕਾ. ਜੀਤਾ ਕੌਰ ਦੇ ਸਮਰਪਣ ਤੇ ਮਿਸਾਲੀ ਅਨੁਸ਼ਾਸਨ ਨੂੰ ਯਾਦ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਪਾਰਟੀ ਨੂੰ ਉਸਾਰਨ ਵਿੱਚ ਉਨ੍ਹਾਂ ਵਲੋਂ ਨਿਭਾਈ ਭੂਮਿਕਾ ਨੂੰ ਹਮੇਸ਼ਾ ਯਾਦ ਕੀਤਾ ਜਾਂਦਾ ਰਹੇਗਾ। ਕਾ. ਖੀਵਾ ਨੇ ਜ਼ੋਰ ਦਿੱਤਾ ਕਿ ਸਾਨੂੰ ਸੂਬੇ,ਦੇਸ਼ ਤੇ ਦੁਨੀਆਂ ਵਿੱਚ ਵਾਪਰ ਰਹੀਆਂ ਅਹਿਮ ਘਟਨਾਵਾਂ ਬਾਰੇ ਲੋਕਾਂ ਨੂੰ ਕਮਿਊਨਿਸਟ ਨਜ਼ਰੀਏ ਤੋਂ ਜਾਗਰਤ ਕਰਨ ਲਈ ਲਗਾਤਾਰ ਪ੍ਰਚਾਰ ਮੁਹਿੰਮ ਚਲਾਉਣ ਦੀ ਸਖ਼ਤ ਜ਼ਰੂਰਤ ਹੈ।

ਪਾਰਟੀ ਦੇ ਜ਼ਿਲ੍ਹਾ ਕਮੇਟੀ ਮੈਂਬਰ ਅਤੇ ਮਜ਼ਦੂਰ ਮੁਕਤੀ ਮੋਰਚਾ ਲਿਬਰੇਸ਼ਨ ਦੇ ਜ਼ਿਲ੍ਹੇ ਪ੍ਰਧਾਨ ਕਾ. ਬਲਵਿੰਦਰ ਘਰਾਂਗਣਾਂ ਨੇ ਹਾਜ਼ਰ ਸਾਥੀਆਂ ਦਾ ਧੰਨਵਾਦ ਕੀਤਾ ਅਤੇ ਬ੍ਰਾਂਚ ਪੱਧਰ 'ਤੇ ਪਾਰਟੀ ਨੂੰ ਮਜ਼ਬੂਤ ਕਰਨ ਲਈ ਸਿਆਸੀ ਸਰਗਰਮੀਆਂ ਤੇਜ਼ ਕਰਨ ਦੀ ਅਪੀਲ ਵੀ ਕੀਤੀ।

# ਰਤੀਆ ਦੇ ਮਢ ਪਿੰਡ ਦੇ ਲੋਕਾਂ ਨੇ ਸੜਕ ਨਾ ਬਣਨ ਵਿਰੁੱਧ ਨਾਅਰੇਬਾਜ਼ੀ ਕੀਤੀ, ਆਪਣਾ ਗੁੱਸਾ ਪ੍ਰਗਟ ਕੀਤਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 23 ਜੂਨ INTERNATIONAL PAPER, 9463601616 hardipchumber57@gmail.com



ਰਤੀਆ/ਸੁਨੀਲ ਕੁਮਾਰ

ਰਤੀਆ ਦੇ ਮਢ ਪਿੰਡ ਦੇ ਲੋਕਾਂ ਨੇ ਮਢ ਪਿੰਡ ਤੋਂ ਕਲਾਰਖੇੜਾ ਬਸਤੀ ਤੱਕ ਸੜਕ ਦੀ ਮਾੜੀ ਹਾਲਤ ਨੂੰ ਲੈ ਕੇ ਵਿਭਾਗ ਅਤੇ ਪ੍ਰਸ਼ਾਸਨ ਵਿਰੁੱਧ ਨਾਅਰੇਬਾਜ਼ੀ ਕੀਤੀ। ਜਾਣਕਾਰੀ ਦਿੰਦੇ ਹੋਏ ਮਢ ਪਿੰਡ ਦੇ ਵਸਨੀਕ ਮੰਗੇ ਰਾਮ ਨੇ ਕਿਹਾ ਕਿ ਇਹ ਸੜਕ 2002 ਵਿੱਚ ਬਣੀ ਸੀ, ਅੱਜ ਇਸ ਸੜਕ ਨੂੰ ਬਣੇ 23 ਸਾਲ ਹੋ ਗਏ ਹਨ, ਪਰ ਸਰਕਾਰ ਅਤੇ ਪ੍ਰਸ਼ਾਸਨ ਨੇ ਇਸ ਵੱਲ ਕੋਈ ਧਿਆਨ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਬਰਸਾਤ ਦੇ ਮੌਸਮ ਵਿੱਚ ਇਸ ਸੜਕ ਵਿੱਚ ਪਾਣੀ ਇਕੱਠਾ ਹੋ ਜਾਂਦਾ ਹੈ ਅਤੇ ਇਹ ਸੜਕ ਮੁਸੀਬਤ ਦਾ ਕਾਰਨ ਬਣ ਜਾਂਦੀ ਹੈ, ਜਿਸ ਕਾਰਨ ਪਿੰਡ ਦੇ ਲੋਕਾਂ ਨੂੰ ਆਉਣ-ਜਾਣ ਵਿੱਚ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪਿੰਡ ਵਾਸੀਆਂ ਨੇ ਕਿਹਾ ਕਿ ਇਸ ਸੜਕ ਦੀ ਹਾਲਤ ਇੰਨੀ ਮਾੜੀ ਹੈ ਕਿ ਇੱਥੇ ਪਹਿਲਾਂ ਵੀ ਕਈ ਵਾਰ ਹਾਦਸੇ ਵਾਪਰ ਚੁੱਕੇ ਹਨ। ਪਿੰਡ ਵਾਸੀਆਂ ਨੇ ਕਿਹਾ ਕਿ ਉਹ ਸੜਕ ਬਣਾਉਣ ਲਈ ਪਹਿਲਾਂ ਵੀ ਕਈ ਵਾਰ ਸਰਕਾਰ ਨੂੰ ਅਪੀਲ ਕਰ ਚੁੱਕੇ ਹਨ, ਪਰ ਸਰਕਾਰ ਅਤੇ ਪ੍ਰਸ਼ਾਸਨ ਇਸ ਵੱਲ ਕੋਈ ਧਿਆਨ ਨਹੀਂ ਦੇ ਰਿਹਾ ਹੈ। ਪਿੰਡ ਵਾਸੀਆਂ ਨੇ ਆਪਣਾ ਗੁੱਸਾ ਜ਼ਾਹਿਰ ਕਰਦਿਆਂ ਕਿਹਾ ਕਿ ਅਸੀਂ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਪਿੰਡ ਮੜ੍ਹ ਤੋਂ ਕਲਾਰਖੇੜਾ ਬਸਤੀ ਤੱਕ ਸੜਕ ਜਲਦੀ ਤੋਂ ਜਲਦੀ ਬਣਾਈ ਜਾਵੇ ਤਾਂ ਜੋ ਪਿੰਡ ਵਾਸੀਆਂ ਨੂੰ ਆਉਣ-ਜਾਣ ਵਿੱਚ ਕਿਸੇ ਕਿਸਮ ਦੀ ਮੁਸ਼ਕਲ ਨਾ ਆਵੇ।

# ਭਾਸ਼ਾ ਵਿਭਾਗ ਵੱਲੋਂ ਗੁਲ ਆਬ ਦੀ ਪਹਿਲੀ ਕਾਵਿ ਕਿਤਾਬ 'ਸੁਰਖ਼-ਆਬ' ਜਾਰੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 23 ਜੂਨ INTERNATIONAL PAPER, 9463601616 hardipchumber57@gmail.com




ਮਾਨਸਾ, 23 ਜੂਨ: (ਆਤਮਾ ਸਿੰਘ ਪਮਾਰ)

ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ ਵੱਲੋਂ ਕਵੀ ਗੁਲ ਆਬ ਦੀ ਪਹਿਲੀ ਕਾਵਿ ਕਿਤਾਬ 'ਸੁਰਖ਼-ਆਬ' ਜਾਰੀ ਕੀਤੀ ਗਈ।

ਇਸ ਮੌਕੇ ਜ਼ਿਲ੍ਹਾ ਭਾਸ਼ਾ ਅਫ਼ਸਰ ਤੇਜਿੰਦਰ ਕੌਰ ਨੇ ਬੋਲਦਿਆਂ ਕਿਹਾ ਕਿ ਗੁਲ ਆਬ ਦੀ ਪਲੇਠੀ ਕਿਤਾਬ ਜ਼ਿੰਦਗੀ ਦੇ ਛੋਟੇ ਛੋਟੇ ਅਹਿਸਾਸਾਂ ਨੂੰ ਕਾਵਿਕ ਅੰਦਾਜ਼ 'ਚ ਪ੍ਰਸਤੁੱਤ ਕਰਦੀ ਹੈ। ਉੱਘੇ ਨਾਵਲਕਾਰ ਅਜ਼ੀਜ਼ ਸਰੋਏ ਨੇ ਕਿਹਾ ਕਿ ਕਾਵਿ ਪੁਸਤਕ ਵਿਚ ਖਿਆਲਾਂ ਦੀ ਤਾਜ਼ਗੀ ਅਤੇ ਉੱਚੀ ਉਡਾਣ ਹੈ। ਕਵੀ ਨੇ ਘੱਟ ਸ਼ਬਦਾਂ ਵਿਚ ਵੱਡੀ ਗੱਲ ਆਖੀ ਹੈ। ਡਾ. ਕੁਲਦੀਪ ਚੌਹਾਨ ਨੇ ਕਿਹਾ ਕਿ ਕਵੀ ਨੇ ਆਪਣੀ ਪਹਿਲੀ ਕਿਤਾਬ ਵਿਚ ਬਹੁਤ ਹੀ ਸਾਦਗੀ ਨਾਲ ਆਪਣੇ ਜਜ਼ਬਿਆਂ ਨੂੰ ਪਰੋਇਆ ਹੈ।

ਇਸ ਤੋਂ ਪਹਿਲਾਂ ਕਵੀ ਗੁਲ ਆਬ ਨੇ ਕਿਤਾਬ ਵਿਚੋਂ ਕੁੱਝ ਕਵਿਤਾਵਾਂ ਦਾ ਪਾਠ ਕੀਤਾ। ਉਨ੍ਹਾਂ ਗੱਲ ਬਾਤ ਦੌਰਾਨ ਕਿਹਾ ਕਿ ਕਵਿਤਾ ਬਿਨ੍ਹਾਂ ਜ਼ਖ਼ਮ ਦੇ ਹੀ ਚੀਸ ਵਰਗੀ ਕੋਈ ਸ਼ੈਅ ਹੈ। ਖੁਸ਼ੀ ਦੇ ਹੰਝੂਆਂ ਜਿਹਾ ਉਦਾਸ ਰਹਿਣ ਵਾਲਾ ਕੋਈ ਮਿੱਠਾ ਅਹਿਸਾਸ ਹੈ।

ਕਾਵਿ ਪੁਸਤਕ ਦੇ ਰਿਲੀਜ਼ ਸਮਾਗਮ ਮੌਕੇ ਕਵੀ ਪਰਾਗ, ਗੁਰਪ੍ਰੀਤ, ਸਰਬਜੀਤ ਸਿੰਘ, ਚਮਨ ਲਾਲ ਅਤੇ ਅਰਸ਼ਦੀਪ ਸਿੰਘ ਨੇ ਵੀ ਇਸ ਕਿਤਾਬ ਬਾਰੇ ਆਪਣੇ ਵਿਚਾਰ ਪੇਸ਼ ਕੀਤੇ।

# ਜ਼ਿੰਦਗੀ 'ਚ ਕੁੱਝ ਬਣ ਕੇ ਦਿਖਾਉਣ ਲਈ ਠਾਣੀ ਸੋਚ, ਕਾਮਯਾਬੀ ਵੱਲ ਜਾਂਦਾ ਰਸਤਾ ਹੋ ਨਿੱਬੜਦੀ ਹੈ,,-ਡਿਪਟੀ ਕਮਿਸ਼ਨਰ

## ਡਿਪਟੀ ਕਮਿਸ਼ਨਰ ਵੱਲੋਂ ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ'ਚੋਂ ਮੈਰਿਟ ਵਾਲੇ ਵਿਦਿਆਰਥੀ ਸਨਮਾਨਿਤ। ,,ਪੰਜਾਬ ਵਿਧਾਨ ਸਭਾ ਸਪੀਕਰ ਵੱਲੋਂ ਹਸਤਾਖ਼ਰ ਕੀਤੇ ਪ੍ਰਸ਼ੰਸਾ ਪੱਤਰ ਵੀ ਵਿਦਿਆਰਥੀਆਂ ਨੂੰ ਸੌਂਪੇ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 23 ਜੂਨ INTERNATIONAL PAPER, 9463601616 hardipchumber57@gmail.com



ਮਾਨਸਾ, 23 ਜੂਨ: (ਆਤਮਾ ਸਿੰਘ ਪਮਾਰ)

